# ਪੀੜਾਂ ਦੀ ਪਰਿਕਰਮਾ

(ਗ਼ਜ਼ਲ ਸੰਗ੍ਰਹਿ)

**ਇਸੇ ਕਲਮ ਤੋਂ :**

- ਇੱਕ ਲੱਪ ਲਾਵਾ (ਕਾਵਿ ਸੰਗ੍ਰਹਿ-2005)
- ਜਦ ਜ਼ਖ਼ਮ ਦਵਾਤ ਬਣੇ (ਗ਼ਜ਼ਲ ਸੰਗ੍ਰਹਿ-2012)

# ਪੀੜਾਂ ਦੀ ਪਰਿਕਰਮਾ

(.ਗਜ਼ਲ ਸੰਗ੍ਰਹਿ)

ਹਰਮਿੰਦਰ ਸਿੰਘ ਕੋਹਾਰਵਾਲਾ

International Publishers
of Indian and Foreign Languages

**Representation Offices** :
• 596 Street, Madera, California-93638
• 8 Automatic Rd, Unit 2C, Brampton L6S 3N5, Canada

*Punjabi Poetry/Gazal*

ISBN : 978-93-5068-103-9
Price : 160/-

# Pirhan Di Parikarma

*Ghazals By*

**Harminder Singh Koharwala**
Village: Kohar Wala
P.O. Kot Kapura-151204
Distt-Faridkot (Punjab)
Phone-01635-222128, M. 98768-73735

2012
Lokgeet Parkashan
S.C.O. 26-27, Sector 34 A, Chandigarh-160022
Ph.0172-5077427, 5077428
Punjabi Bhawan Ludhiana,
98154-71219
Type Setting & Design PCIS
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
Mob: 98154-71219

*©, 2012, Harminder Singh Koharwala*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਣ

ਘਰ ਦੀ ਰੌਣਕ
ਰਾਗਜੀਤ, ਨਮਰਤਾ, ਅੰਬਰ (ਪੋਤਰੀਆਂ)
ਅਸੀਮ (ਪੋਤਰੇ) ਨੂੰ।

# ਸਲਾਮਤ ਸਿਦਕ ਵਾਲ਼ੀ ਸ਼ਾਇਰੀ

ਹਰਮਿੰਦਰ ਸਿੰਘ ਕੋਹਾਰਵਾਲਾ ਪੰਜਾਬੀ ਦੇ ਉਨ੍ਹਾਂ ਗਿਣਵੇਂ ਸ਼ਾਇਰਾਂ ਵਿਚੋਂ ਹੈ, ਜਿਹੜੇ ਅਜੋਕੇ ਬਾਜ਼ਾਰਵਾਦ ਅਤੇ ਵਿਸ਼ਵੀਕਰਣ ਦੇ ਵਰਤਾਰੇ ਦੀਆਂ ਅਲਾਮਤਾਂ ਨੂੰ ਸਮਝਦੇ ਹਨ। ਕੋਹਾਰਵਾਲਾ ਪ੍ਰਗਤੀਵਾਦੀ ਚੇਤਨਾ ਅਤੇ ਲੋਕ-ਪੱਖੀ ਸੰਘਰਸ਼ਾਂ ਨੂੰ ਪ੍ਰਣਾਇਆ ਹੋਇਆ ਸੂਖਮ-ਚਿੱਤ ਕਵੀ ਹੈ। ਉਹ ਪੰਜਾਬ ਦੀ ਖੱਬੇਪੱਖੀ ਅਧਿਆਪਕ ਲਹਿਰ ਦਾ ਸਿੱਕੇਬੰਦ ਆਗੂ ਹੈ। ਚਾਰ ਦਹਾਕੇ ਉਹ ਪੰਜਾਬ ਦੀਆਂ ਮੁਲਾਜ਼ਮ ਜੱਥੇਬੰਦੀਆਂ ਦੇ ਸੰਘਰਸ਼ਾਂ ਵਿਚ ਮੂਹਰਲੀ ਕਤਾਰ ਦੇ ਆਗੂਆਂ ਵਿੱਚ ਪੇਸ਼-ਪੇਸ਼ ਰਿਹਾ। 'ਐਸਮਾ' ਅਤੇ 'ਨਾਸਾ' ਵਰਗੇ ਕਾਲੇ ਕਾਨੂੰਨਾ ਤਹਿਤ ਜੇਲ੍ਹ ਅਤੇ ਮੁਅੱਤਲੀ ਆਦਿ ਦੀ ਸਜ਼ਾ ਭੁਗਤੀ। ਉਹ ਪੰਜਾਬ ਦੇ ਉਨ੍ਹਾਂ ਬੌਧਿਕਾਂ ਵਿਚੋਂ ਹੈ ਜਿੰਨ੍ਹਾਂ ਦੇ ਹੌਂਸਲੇ ਨੂੰ ਸੱਤਾ ਦਾ ਦਮਨ ਜਾਂ ਪ੍ਰਲੋਭਨ ਪਸਤ ਨਹੀਂ ਕਰ ਸਕਿਆ। ਇਹ ਸ਼ਾਂਤ-ਚਿੱਤ ਅਧਿਆਪਕ ਆਗੂ ਬੋਲ-ਬਾਣੀ ਪੱਖੋਂ ਜਿੰਨਾ ਹਲੀਮ ਹੈ, ਵਿਚਾਰਾਂ ਤੇ ਅਕੀਦੇ ਵਲੋਂ ਉਨਾ ਹੀ ਪ੍ਰੱਪਕ ਅਤੇ ਅਡੋਲ। ਅੱਜ ਜਦੋਂ ਬਾਜ਼ਾਰ ਤੇ ਪੂੰਜੀ ਦੀ ਚਕਾਚੌਂਧ ਨੇ ਸਭ ਨੈਤਿਕ ਮੁੱਲਾਂ, ਆਦਰਸ਼ਾਂ ਅਤੇ ਆਸਥਾਵਾਂ ਨੂੰ ਖੋਰ ਦਿੱਤਾ ਹੈ, ਮਨੁੱਖ ਦੀ ਸਿਰਜਣਾਤਮਿਕ ਸਮਰੱਥਾ ਉਤੋਂ ਉਸਦਾ ਵਿਸ਼ਵਾਸ਼ ਥਿੜਕਿਆ ਨਹੀਂ। ਉਸ ਦੁਆਰਾ ਸਿਰਜਤ ਕਾਵਿ-ਪਾਤਰ ਮੱਧਵਰਗੀ ਸਮਝੌਤਾਵਾਦੀ ਚਲਨ ਵਾਲਾ ਰੋਂਦੂ ਨਹੀਂ, ਸਥਿਤੀਆਂ ਦੇ ਵਿਵੇਕ ਨੂੰ ਸਮਝਣ ਵਾਲਾ 'ਮਰਦ' ਹੈ ਜੋ 'ਸੁਪਨਿਆਂ ਦੀ ਕਬਰ ਉੱਤੇ ਬੈਠਾ ਹੋਇਆ ਵੀ ਜੀਣ ਦੀ ਲਾਲਸਾ ਪਾਲਦਾ' ਹੈ। ਪ੍ਰਮਾਣ ਵਜੋਂ ਇਹ ਸ਼ਿਅਰ ਪੜ੍ਹੇ ਜਾ ਸਕਦੇ ਹਨ:

- ਕੋਸੀ ਜਾਈਂ ਨਾ ਲੇਖਾਂ ਨੂੰ, ਕਿਸਮਤ ਹੱਥੀਂ ਆਪ ਲਿਖੀਂ,
  ਏਸ ਖ਼ੁਦਾ ਨੇ ਕੀ ਦੇਣਾ ਹੈ, ਨਾ ਤਰਲੇ ਅਰਦਾਸ ਕਰੀਂ।

- ਹੋ ਸਕਦਾ ਦਿਲ ਟੁੱਟੇ ਤੇਰਾ, ਤੇ ਜੀਅ ਲੱਥੇ ਜੀਵਨ ਤੋਂ,
  ਤੂੰ ਸਿਕਰਾਏ ਹੋਠਾਂ ਨੇੜੇ, ਫਿਰ ਵੀ ਨਾ ਸਲਫ਼ਾਸ ਕਰੀਂ।

- ਮੂੰਹ ਰੱਖਣ ਤੋਂ ਕੀ ਲੈਣਾ ਤੂੰ, ਪੀੜ ਦਬਾਈ ਰੱਖੀਂ ਨਾ,
  ਮਰਦ ਕਦੇ ਨਾ ਮਿਣ ਮਿਣ ਕਰਦੇ, ਡਟ ਕੇ ਬਚਨ ਬਿਲਾਸ ਕਰੀਂ।

- ਕਿੰਨੀ ਜਾਨ ਭਰੀ ਸੀ ਖੰਭਾਂ ਵਿਚ ਪਰਿੰਦੇ ਦੇ,
  ਟੁੱਟੇ ਨੋਚੇ ਖੰਭਾਂ ਵਿਚ ਵੀ ਆਸ ਉਡਾਰੀ ਸੀ।

– ਜਾਬਰ ਜਬਰ ਕਰੇਂਦਿਆ, ਨਾ ਅਜਮਾਵੀਂ ਹੋਰ,
ਜਿਸਮ ਕਰੰਡੇ ਵੇਖ ਨਾ, ਸਿਦਕ ਸਲਾਮਤ ਵੇਖ।

ਅੱਜ ਜਦੋਂ ਆਮ ਬੰਦੇ ਦੇ ਮਨ ਵਿਚ ਇਹ ਡੂੰਘੀ ਤਰ੍ਹਾਂ ਉੱਕਰ ਦਿੱਤਾ ਗਿਆ ਹੈ ਕਿ ਇਥੇ ਕੁੱਝ ਵੀ ਚੰਗਾ ਵਾਪਰਨ ਦੀ ਸੰਭਾਵਨਾ ਨਹੀਂ, ਉਦੋਂ ਹਰਮਿੰਦਰ ਸਿੰਘ ਕੋਹਾਰਵਾਲਾ ਦੇ ਸ਼ਿਅਰਾਂ ਵਿਚਲਾ ਆਸ਼ਾਵਾਦ ਕਿੰਨਾ ਕੁ ਪ੍ਰਸੰਗਕ ਹੈ। ਵਿਸ਼ਵ ਪੂੰਜੀਵਾਦ ਦੇ ਤਾਜ਼ਾ ਸੰਕਟ ਨੇ ਨਿਰਾਸ਼ਾ ਦੇ ਇਸ ਆਲਸ ਨੂੰ ਹੋਰ ਗਹਿਰਾ ਕੀਤਾ ਹੈ ਅਤੇ ਦੂਜੇ ਪਾਸੇ ਇਹ ਆਸ ਵੀ ਬੰਨ੍ਹਾਈ ਹੈ ਕਿ ਪੂੰਜੀਵਾਦੀ ਪ੍ਰਬੰਧ ਸਥਾਈ ਅਤੇ ਅਜਿੱਤ ਵਰਤਾਰਾ ਨਹੀਂ। ਕੋਹਾਰਵਾਲਾ ਦਾ ਆਕੀਦਾ ਕਿਸੇ ਖ਼ਿਆਲੀ ਫ਼ੁਰਨੇ ਜਾਂ ਰੁਮਾਂਸ ਭਾਵਨਾ ਉਤੇ ਅਧਾਰਿਤ ਨਹੀਂ, ਸਗੋਂ ਇਹ ਉਸਦੇ ਪ੍ਰਗਤੀਵਾਦੀ ਚਿੰਤਨ-ਮਨਨ ਦਾ ਸਿੱਟਾ ਹੈ। ਮਾਰਕਸਵਾਦੀ ਫ਼ਲਸਫ਼ੇ ਦੇ ਅਧਿਐਨ ਅਤੇ ਸੰਘਰਸ਼ਾਂ ’ਚੋਂ ਪ੍ਰਾਪਤ ਸੋਝੀ ਕਰਕੇ ਉਹ ਸਮਝਦਾ ਹੈ ਕਿ ਮੌਜੂਦਾ ਪ੍ਰਸਥਿਤੀਆਂ ਪੂੰਜੀਵਾਦੀ ਪ੍ਰਬੰਧ ਦੀ ਅਲਾਮਤ ਹਨ, ਪਰ ਇਹ ਮਨੁੱਖ ਮਾਰੂ ਵਿਵਸਥਾ ਅਬਦਲ ਨਹੀਂ। ਇਸ ਦੀ ਮੌਤ ਦੇ ਬੀਜ ਇਸਦੇ ਅੰਦਰ ਹੀ ਪਏ ਹਨ। ਕੋਹਾਰਵਾਲਾ ਦੀ ਕਵਿਤਾ ਵਿਚ ਦੋਵੇਂ ਰੰਗ ਨਾਲ਼ ਨਾਲ਼ ਪਏ ਹਨ; ਉਹ ਵਰਤਮਾਨ ਮਾਰੂ ਸਥਿਤੀਆਂ ਅਤੇ ਉਸ ਪਿੱਛੇ ਕਾਰਜਸ਼ੀਲ ਵਰਤਾਰੇ ਦੇ ਵਿਵੇਕ ਨੂੰ ਵੀ ਪਕੜਦਾ ਹੈ ਅਤੇ ਸੰਕੇਤਕ ਢੰਗ ਨਾਲ਼ ਉਸ ਤੋਂ ਮੁਕਤੀ ਦਾ ਰਾਹ ਵੀ ਸੁਝਾਉਂਦਾ ਹੈ। ਉਸ ਅਨੁਸਾਰ ਅਸਹਿ ਸਥਿਤੀਆਂ ਦਾ ਤ੍ਰਾਸਦ-ਬੋਧ ਹੀ ਉਸ ਦੇ ਖ਼ਿਲਾਫ਼ ਲੜਨ ਦੀ ਚੇਤਨਾ ਦਿੰਦਾ ਹੈ। ਉਹ ਅਜੋਕੇ ਨਵ-ਸਾਮਰਾਜਵਾਦ ਦੀ ਪਾਸਾਰਵਾਦੀ ਨੀਤੀ ਨੂੰ ‘ਕਹਿਰ ਦਾ ਝੱਖੜ’ ਕਹਿੰਦਾ ਹੈ ਅਤੇ ਇਸ ਖ਼ਿਲਾਫ਼ ਉੱਠਣ ਲਈ ਵੀ ਪ੍ਰੇਰਦਾ ਹੈ:

– ਇਸ ਅੰਬਰ ਨੇ ਇਹ ਕੀ ਕਾਰਾ ਕਰ ਦਿੱਤਾ।
ਹਰ ਅੱਖ ਅੰਦਰ ਇਕ ਸਮੁੰਦਰ ਭਰ ਦਿੱਤਾ।

– ਸਿਰਾਂ ਤੇ ਕਹਿਰ ਦਾ ਝੱਖੜ, ਦਿਸੇ ਨਾ ਠਹਿਰਦਾ ਝੱਖੜ,
ਰੜੇ ਹੀ ਬੈਠ ਨਾ ਰਹੀਏ, ਸਿਰਾਂ ਤੇ ਅੜਤਲਾ ਕਰੀਏ।

– ਨਪੀੜੇ ਰੋਜ਼ ਘੰਡੀ ਨੂੰ, ਕਹੋ ਕੁਝ ਏਸ ਮੰਡੀ ਨੂੰ,
ਉਡਾਈ ਨੀਂਦ ਹੈ ਜਿਸਨੇ, ਨਕਾਰਾ ਦਬਦਬਾ ਕਰੀਏ।

ਰਾਜਸੀ ਤੌਰ ’ਤੇ ਵਧੇਰੇ ਚੇਤੰਨ ਹੋਣ ਕਰਕੇ ਕੋਹਾਰਵਾਲਾ ਨਵ-ਪੂੰਜੀਵਾਦ ਅਤੇ ਉਸ ਦੀਆਂ ਅਲਾਮਤਾਂ-ਬਜ਼ਾਰਵਾਦ, ਉਪਭੋਗਤਾਵਾਦ, ਉਦਾਰਵਾਦ ਅਤੇ ਵਿਸ਼ਵੀਕਰਣ ਆਦਿ ਨੂੰ ਸਭ ਸਮੱਸਿਆਵਾਂ ਦਾ ਮੂਲ ਮੰਨਦਾ ਹੈ। ਉਹ ਇਹ ਸਮਝਦਾ ਹੈ ਕਿ ਵਿਸ਼ਵੀਕਰਣ ਦਾ ਲੁਭਾਉਣਾ ਨਾਹਰਾ ਅਜੋਕੇ ਨਵ-ਸਾਮਰਾਜਵਾਦ ਦਾ

ਸੰਸਾਰ ਦੇ ਸਭ ਕੁਦਰਤੀ ਸਰੋਤਾਂ ਉਪਰ ਕਾਬਜ਼ ਹੋਣ ਦਾ ਛੜਯੰਤਰ ਹੈ। ਖੁੱਲ੍ਹੇ ਮੁਕਾਬਲੇ ਵਾਲਾ ਉਦਾਰਵਾਦੀ ਬਾਜ਼ਾਰ ਅਤੇ ਦੁਨੀਆਂ ਦੇ ਹਰ ਖਿੱਤੇ ਵਿੱਚ ਵਿੱਤੀ ਪੂੰਜੀ ਦਾ ਬੇਰੋਕ-ਟੋਕ ਨਿਵੇਸ਼ ਅਜੋਕੇ ਪੜਾਅ ਦੇ ਪੂੰਜੀਵਾਦ ਦੀਆਂ ਲੋੜਾਂ ਹਨ। ਬਹੁ-ਦੇਸ਼ੀ ਕੰਪਨੀਆਂ ਅਤੇ ਕਾਰਪੋਰੇਟ ਸੈਕਟਰ ਵਿਕਾਸ ਦੇ ਨਾਮ ਉਪਰ ਅਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਦੇ ਕੁਦਰਤੀ ਸਰੋਤਾਂ ਅਤੇ ਮਨੁੱਖੀ ਸੰਸਾਧਨਾਂ (human resources) ਨੂੰ ਬੜੇ ਯੋਜਨਾਬੱਧ ਤਰੀਕੇ ਨਾਲ ਲੁੱਟ ਰਿਹਾ ਹੈ। ਅੰਤਰ-ਰਾਸ਼ਟਰੀ ਮੁਦਰਾ ਫੰਡ ਅਤੇ ਵਿਸ਼ਵ ਬੈਂਕ ਆਦਿ ਦੇ ਪਰਦੇ ਉਹਲੇ ਵੱਡੇ ਪੂੰਜੀਪਤੀ, ਬਹੁ-ਰਾਸ਼ਟਰੀ ਕੰਪਨੀਆਂ ਅਤੇ ਵੱਡੇ ਵਪਾਰਕ (ਕਾਰਪੋਰੇਟ) ਘਰਾਣੇ ਗਰੀਬ ਮੁਲਕਾਂ ਵੱਲ ਚਾਲੇ ਪਾ ਰਹੇ ਹਨ। ਵਿਕਾਸ ਦੇ ਨਾਮ ਉਪਰ ਦਿੱਤੇ ਜਾਂਦੇ ਆਸਾਨ ਕਰਜ਼ੇ, ਸਬਸਿਡੀਜ਼ ਅਤੇ ਆਰਥਿਕ ਪੈਕਿਜ ਅਵਿਕਸਤ ਤੇ ਵਿਕਾਸਸ਼ੀਲ ਦੇਸ਼ਾਂ ਦੀ ਆਰਥਿਕਤਾ ਨੂੰ ਸੀਮਤ ਜਿਹਾ ਹੁਲਾਰਾ ਤਾਂ ਦਿੰਦੇ ਹਨ, ਪਰ ਇਹ ਬੜੇ ਲੁਕਵੇਂ ਤੇ ਯੋਜਨਾਬੱਧ ਤਰੀਕੇ ਨਾਲ ਉਨ੍ਹਾਂ ਦੇ ਕੁਦਰਤੀ ਸਰੋਤਾਂ ਤੇ ਮਨੁੱਖੀ ਸੰਸਾਧਨਾਂ ਨੂੰ ਹੜੱਪ ਜਾਂਦੇ ਹਨ। ਵਿਕਾਸ ਅਤੇ ਵਧੇਰੇ ਉਤਪਾਦਨ ਦੀ ਆੜ ਵਿੱਚ ਇਨ੍ਹਾਂ ਦੇਸ਼ਾਂ ਦੇ ਪ੍ਰਾਕਿਰਤਕ ਸੌਂਦਰਯ ਨੂੰ ਵਿਗਾੜਦੇ ਅਤੇ ਪਰਿਆਵਰਣ ਨੂੰ ਪਲੀਤ ਕਰਦੇ ਹਨ। ਵਿਸ਼ਵੀਕਰਣ ਦੇ ਇਸ ਦੌਰ ਦੀ ਨਵੀਂ ਤਜ਼ਾਰਤ ਦਾ ਚਲਣ ਕਰਜ਼ਿਆਂ ਦੇ ਭਾਰ ਵਿਚ ਵਾਧਾ ਕਰਨਾ ਹੈ। ਕੋਹਾਰਵਾਲਾ ਦੀ ਰਾਜਸੀ ਚੇਤਨਾ ਦਾ ਪ੍ਰਮਾਣ ਇਹ ਸ਼ਿਅਰ ਹਨ:

- ਕਿੱਦਾਂ ਖੰਭ ਖਿਲਾਰਨ ਪੰਛੀ, ਡਰਦੇ ਸਾਹ ਨਾ ਭਰਦੇ,
  ਜਦ ਉਹਨਾਂ ਦੇ ਆਲ੍ਹਣਿਆਂ 'ਤੇ, ਉਡਦੇ ਫਿਰਨ ਉਕਾਬ।

- ਪਿਆਸੇ ਭਟਕਦੇ ਰਹਿਣੇ, ਥਲਾਂ ਨੇ ਫੈਲਦੇ ਜਾਣਾ,
  ਨਦੀ ਦਾ ਨੀਰ ਜਦ ਤੀਕਰ, ਸਮੁੰਦਰ ਦੀ ਅਮਾਨਤ ਹੈ।

- ਮਨ ਮਰਜ਼ੀ ਦਾ ਚਾਨਣ ਦੇਵੇ ਧਰਤੀ ਨੂੰ,
  ਸੂਰਜ, ਚੰਦ ਸਿਤਾਰੇ ਮੁੱਠ 'ਚ ਅੰਬਰ ਦੇ।

- ਇਸ ਤਰ੍ਹਾਂ ਵਰਤਾਉਣਗੇ ਹੁਣ ਨੀਰ ਥਲ ਦੇ ਮਾਸ਼ਕੀ
  ਹੋਠ ਸੁੱਕੇ ਰੱਖ ਕੇ ਤਲ਼ੀਆਂ ਨੂੰ ਛਾਲੇ ਦੇਣਗੇ।

- ਬਾਗ਼ਬਾਨਾਂ ਤੋਂ ਬਚਾਈਏ, ਇਹ ਬਗ਼ੀਚੀ ਦੋਸਤੋ,
  ਇਹ ਪਰੋਂਦੇ ਹਾਰ ਦੇ ਵਿਚ, ਫੁੱਲ ਜੋ ਵੀ ਟਹਿਕਦਾ।

– ਆਉਣ ਵਪਾਰੀ ਝੂੰਮਦੇ, ਜਿੱਥੇ ਭੁੱਖ ਪਿਆਸ,
ਇਸ ਥਾਂ ਕਰਜ਼ੇ ਬੀਜ ਕੇ, ਫਲ਼ੀ ਤਜ਼ਾਰਤ ਵੇਖ।

ਵਿਸ਼ਵੀਕਰਨ ਅਤੇ ਖੁੱਲ੍ਹੇ ਮੁਕਾਬਲੇ ਵਾਲਾ ਉਦਾਰਵਾਦੀ ਬਾਜ਼ਾਰ ਵਿਕਾਸ ਨਹੀਂ ਸਗੋਂ ਵਿਕਾਸ ਦਾ ਭਰਮ ਸਿਰਜਦੇ ਹਨ। ਵਿਕਾਸ ਦੇ ਪਰਦੇ ਹੇਠ ਇਹ ਅਵਿਕਸਤ ਮੁਲਕਾਂ ਦੇ ਸੰਸਾਧਨਾਂ ਦੀ ਲੁੱਟ ਰਾਹੀਂ ਉਨ੍ਹਾਂ ਦੇ ਪੱਲੇ ਵਿਨਾਸ਼ ਪਾਉਂਦੇ ਹਨ। ਪੂੰਜੀਵਾਦੀ ਤਰਜ਼ ਦਾ ਅਸਾਵਾਂ ਤੇ ਮਾਂਗਵਾਂ ਵਿਕਾਸ ਇੱਕ ਪੜਾਅ ਤੋਂ ਬਾਅਦ ਖੜੋਤ ਦਾ ਸ਼ਿਕਾਰ ਹੋ ਜਾਂਦਾ ਹੈ। ਇਹ ਕਿਰਤ ਅਤੇ ਕੁਦਰਤੀ ਸਰੋਤਾਂ ਦੀ ਲੁੱਟ ਅਤੇ ਉਜਾੜੇ ਦਾ ਸਵੱਬ ਬਣ ਜਾਂਦਾ ਹੈ। ਕੋਹਾਰਵਾਲਾ ਦੀਆਂ ਗ਼ਜ਼ਲਾਂ ਵਿਚ ਵਿਸ਼ਵੀਕਰਣ ਅਤੇ ਬਾਜ਼ਾਰ ਦੇ ਵਰਤਾਰੇ ਦੀਆਂ ਗੁੱਝੀਆਂ ਪਰਤਾਂ ਦਾ ਮਹਿਜ ਚਿਤਰਣ ਹੀ ਨਹੀਂ, ਸਗੋਂ ਉਹ ਇਨ੍ਹਾਂ ਵਿਰੁੱਧ ਲਾਮਬੰਦ ਹੋਣ ਲਈ ਪ੍ਰੇਰਦਾ ਵੀ ਹੈ ਕਿਉਂਕਿ ਉਹ ਇਹ ਸਮਝਦਾ ਹੈ ਕਿ ਬਾਜ਼ਾਰ ਇਸ ਦੌਰ ਦਾ ਨਵਾਂ ਭਗਵਾਨ ਹੈ, ਪਰ ਇਸ ਦੀਆਂ ਬਰਕਤਾਂ ਸਭ ਲਈ ਨਹੀਂ। ਅਜੋਕਾ ਬਾਜ਼ਾਰ ਭੁੱਖ ਮਿਟਾਉਂਦਾ ਨਹੀਂ, ਵਧਾਉਂਦਾ ਹੈ। ਖੁੱਲ੍ਹੇ ਮੁਕਾਬਲੇ ਵਾਲਾ ਬਾਜ਼ਾਰ ਲਲਸਾਏ ਮਨਾਂ ਅਤੇ ਵੱਡੇ ਸੁਪਨਿਆਂ ਵਾਲਿਆਂ ਲਈ ਜਰਖੇਜ਼ ਭੋਂਇ ਹੈ। ਅਜੋਕੇ ਬਾਜ਼ਾਰਵਾਦ ਦਾ ਮੰਤਵ ਸਿੱਕੇਬੰਦ ਵਸਤਾਂ ਦੇ ਉਤਪਾਦਨ ਦੁਆਰਾ ਸਭ ਦੀਆਂ ਲੋੜਾਂ ਦੀ ਪੂਰਤੀ ਨਹੀਂ ਸਗੋਂ ਵਸਤਾਂ ਪ੍ਰਤੀ ਉਤੇਜਨਾ ਵਧਾ ਕੇ ਵੱਧ ਮੁਨਾਫ਼ਾ ਖਿੱਚਣਾ ਹੈ। ਵਿਗਿਆਪਨ ਬਾਜ਼ਾਰ ਦਾ ਗੁਰਮੰਤਰ ਹੈ ਜੋ ਲਾਲਸਾਵਾਂ ਅਤੇ ਉਪਭੋਗਤਾ ਰੁਚੀ ਨੂੰ ਉਤੇਜਨਾ ਦੀ ਹੱਦ ਤਕ ਵਧਾਉਂਦਾ ਹੈ। ਇਹ ਬਾਜ਼ਾਰ ਦੀ ਸਾਖ ਤੇ ਮੁਨਾਫ਼ੇ ਨੂੰ ਵਧਾਉਂਦਾ ਹੈ। ਬਾਜ਼ਾਰ ਦੀ ਚੱਕਰਵਿਊ ਆਮ ਬੰਦੇ ਦੀ ਜੀਵਨ ਸ਼ੈਲੀ ਨੂੰ ਨਿਰਧਾਰਤ ਕਰਦਾ ਹੈ, ਲੋੜਾਂ ਨਾਲੋਂ ਲੰਪਟ ਲਾਲਸਾਵਾਂ ਭਾਰੂ ਹੋ ਜਾਂਦੀਆਂ ਹਨ। ਬੰਦਾ, ਵਸਤੂਆਂ ਨੂੰ ਨਹੀਂ ਸਗੋਂ ਵਸਤੂਆਂ ਸਾਨੂੰ ਹੰਢਾਉਣ ਲੱਗ ਪੈਂਦੀਆਂ ਹਨ। ਬਾਜ਼ਾਰ ਬੰਦੇ ਨੂੰ ਹਾਬੜੇ ਹੋਏ ਪਸ਼ੂ ਵਿੱਚ ਬਦਲ ਦਿੰਦਾ ਹੈ। ਬਾਜ਼ਾਰ ਤੇ ਮਾਇਆ ਦੀ ਮਾਰ ਹੱਥੋਂ ਮਨਫ਼ੀ ਹੋਇਆ ਬੰਦਾ ਆਪਣਾ ਮਨੁੱਖੀ ਗੌਰਵ ਹੀ ਗੁਆ ਬਹਿੰਦਾ ਹੈ:

– ਕੇਹਾ ਸੁਰਮਾ ਅੱਖ ’ਚ ਪਾਇਆ ਮਾਇਆ ਨੇ,
ਮਾਂ ਜਾਇਆ ਵੀ ਸੱਤ ਬਿਗਾਨਾ ਲੱਗਦਾ ਹੈ।

– ਹਰ ਕਿਸੇ ਦੇ ਮਨ ’ਚ ਪਈਆਂ ਉਲਝਣਾਂ ਹਨ ਬੇਸ਼ੁਮਾਰ।
ਰਿਸ਼ਤਿਆਂ ਵਿਚ ਨਿੱਘ ਕਿਥੇ ਰਹਿਣ ਦਿੱਤਾ ਹੈ ਬਾਜ਼ਾਰ।

ਵੀਹਵੀਂ ਸਦੀ ਦੇ ਆਖਰੀ ਦਹਾਕੇ ਵਿਚ ਕੇਂਦਰ ਸਰਕਾਰ ਨੇ ਉਦਾਰਵਾਦ ਦੇ ਪਰਦੇ ਓਹਲੇ ਜਿਸ ਨਵੀਂ ਆਰਥਿਕ ਨੀਤੀ ਨੂੰ ਅਪਣਾਇਆ, ਉਹ ਵਿਸ਼ਵ ਪੂੰਜੀਵਾਦੀ ਪ੍ਰਬੰਧ ਦੇ ਹਿੱਤਾ ਅਨੁਕੂਲ ਸੀ। ਵਿਸ਼ਵੀਕਰਣ, ਮੰਡੀਕਰਣ ਅਤੇ ਨਿੱਜੀਕਰਣ

ਦੀਆਂ ਨੀਤੀਆਂ ਨੇ ਵਿੱਤੀ ਪੂੰਜੀ ਦੇ ਫੈਲਾਉ, ਬੇਰੋਕ-ਟੋਕ ਨਿਵੇਸ਼ ਅਤੇ ਵੱਡੇ ਕਾਰਪੋਰਟ/ਸਨਅਤੀ ਘਰਾਣਿਆਂ ਦੇ ਹੱਥਾਂ ਵਿੱਚ ਜਮ੍ਹਾਂ ਹੋਣ ਦੇ ਅਮਲ ਨੂੰ ਬਲ ਬਖਸ਼ਿਆ। ਆਰਥਿਕ ਪਾੜਾ ਹੋਰ ਵਧਿਆ। ਨਿੱਜੀਕਰਣ ਦੀਆਂ ਨੀਤੀਆਂ ਕਾਰਨ ਵਿੱਤੀ ਪੂੰਜੀ ਦੇ ਨਿਵੇਸ਼ ਤੇ ਫੈਲਾਉ ਉਤੋਂ ਸਰਕਾਰੀ ਕੰਟਰੋਲ ਖ਼ਤਮ ਹੋਇਆ। ਪਬਲਿਕ ਸੈਕਟਰ ਦੇ ਅਦਾਰਿਆਂ ਨੂੰ ਨਿੱਠ ਕੇ ਢਾਅ ਲਾਈ ਗਈ। ਪੰਜਾਬ ਵਿੱਚ ਸੱਤਰਵਿਆਂ ਤੋਂ ਬਾਅਦ ਆਰੰਭ ਹੋਇਆ ਖੇਤੀ ਸੰਕਟ ਹੋਰ ਗਹਿਰਾ ਹੋਇਆ। ਦੇਸੀ ਤੇ ਬਦੇਸ਼ੀ ਪੂੰਜੀਪਤੀਆਂ ਦੀਆਂ ਧਾੜਾਂ ਨੇ ਪੰਜਾਬ ਵੱਲ ਵਹੀਰਾਂ ਘੱਤੀਆਂ। ਪੰਜਾਬ ਦੇ ਖੇਤੀਯੋਗ ਰਕਬਾ ਹੋਰ ਸੁੰਗੜਿਆ। ਸਰਕਾਰ ਦੀਆਂ ਕਿਸਾਨ ਨੀਤੀਆਂ ਕਾਰਨ ਖੇਤੀ ਲਾਹੇਵੰਦਾ ਧੰਦਾ ਨਾ ਰਹੀ। ਪੂੰਜੀਵਾਦੀ ਤਰਜ਼ ਦੇ ਅਸਾਵੇਂ ਵਿਕਾਸ ਨੇ ਪੰਜਾਬ ਦੀ ਛੋਟੀ ਕਿਸਾਨੀ ਅਤੇ ਖੇਤ ਮਜ਼ਦੂਰ ਨੂੰ ਤਬਾਹੀ ਦੀ ਕਾਗਾਰ ਤੇ ਲਿਆ ਖੜ੍ਹਾ ਕੀਤਾ। ਹਰੀ ਕ੍ਰਾਂਤੀ ਨੇ ਵੀ ਪੰਜਾਬ ਦੀ ਛੋਟੀ ਕਿਸਾਨੀ ਦੇ ਪੱਲੇ ਰਹਿੰਦ-ਖੂੰਹਦ ਹੀ ਪਾਈ। ਪੰਜਾਬ ਦੀ ਖੇਤੀ ਅਧਾਰਿਤ ਆਰਥਿਕਤਾ ਵਿਚਲੀ ਖੜੋਤ ਨੂੰ ਨਵੀਂ ਯੋਜਨਾਬੰਦੀ ਨਾਲ ਖ਼ਤਮ ਕਰਨ ਦੀ ਥਾਂ ਸਬਸਿਡੀਜ਼ ਦੀ ਭੋਰ-ਚੋਰ ਨਾਲ ਵਰਾਉਣ ਦਾ ਯਤਨ ਕੀਤਾ ਜਾਂਦਾ ਰਿਹਾ। ਮਜ਼ਬੂਰ ਹੋਈ ਪੰਜਾਬ ਦੀ ਉਦਮੀ ਛੋਟੀ ਕਿਸਾਨੀ ਆਤਮ ਹੱਤਿਆਵਾਂ ਦੇ ਰਾਹ ਪਈ। ਪੰਜਾਬ ਦੀ ਕਿਸਾਨੀ ਦੇ ਸੰਕਟ ਦੇ ਵਿਭਿੰਨ ਪਾਸਾਰ ਇਨ੍ਹਾਂ ਸ਼ਿਅਰਾਂ ਵਿੱਚ ਪੇਸ਼ ਹਨ:

- ਨਾ ਕਿੱਲੇ ਤੇ ਝੋਟੀ ਛੱਡੇ, ਨਾ ਕੰਨਾਂ ਵਿੱਚ ਤੁੰਗਲ,
  ਖ਼ੋਰ ਦਏ ਖੱਤੇ ਵੀ ਖੇਤੀ, ਕਰਜ਼ ਵਧੇ ਹਰ ਸਾਲ।

- ਅਸੀਂ ਇਹ ਜੂਨ ਜੋ ਕੱਟੀ, ਭਰੀ ਹੈ ਉਮਰ ਭਰ ਚੱਟੀ,
  ਖਿਜ਼ਾਂ ਨੇ ਧਰਤ ਕੀ ਚੱਟੀ, ਇਹ ਰੱਕੜ ਹੀ ਬਣਾ ਦਿੱਤੀ।

- ਮਿਲੇ ਜੋ ਖਾਣ ਨੂੰ ਤੁੱਕੇ, ਨੇ ਉਹ ਵੀ ਤੋਤਿਆਂ ਟੁੱਕੇ,
  ਰਹੇ ਨੇ ਸੰਘ ਵੀ ਸੁੱਕੇ, ਇਹ ਕਿਸ ਨੇ ਬਦਦੁਆ ਦਿੱਤੀ।

- ਸਮੁੰਦਰ ਵੱਲ ਨੂੰ ਚੱਲੀ, ਥਲਾਂ ਨੂੰ ਘੂਰ ਕੇ ਲੰਘੀ,
  ਚਿੜੀ ਨੇ ਘੁੱਟ ਜੇ ਮੰਗੀ, ਨਦੀ ਨੇ ਨਾਂਹ ਸੁਣਾ ਦਿੱਤੀ।

- ਸਿੰਜੇ ਮੁੜ੍ਹਕੇ ਨਾਲ਼ ਸਨ, ਹਰੇ ਭਰੇ ਸਨ ਖੇਤ,
  ਲੈ ਗਏ ਬੋਹਲ ਉਧਾਲ਼ ਕੇ, ਏਸ ਨਗਰ ਦੇ ਰੌਣ।

- ਅੱਕੇ ਜੱਟ ਨੇ ਮੁਕਤੀ ਖ਼ਾਤਰ, ਚਿਣੀਆਂ ਛਿਟੀਆਂ ਹੀ,
  ਜਦ ਸ਼ਾਹਾਂ ਨੇ ਛਿਟੀਆਂ ਉਤੋਂ ਨਰਮਾ ਸੂਤ ਲਿਆ।

- ਰੁੱਖ ਰੋਏ ਪੌਣ ਦੇ ਗਲ਼ ਲੱਗ ਕੇ,
  ਜਦ ਬਹਾਰਾਂ ਨਾ ਦਹਾਕੇ ਪਰਤੀਆਂ।

- ਜ਼ਰਦ ਚਿਹਰੇ ਅੱਖੀਆਂ ਨਮ ਹਰ ਤਰਫ਼,
  ਸ਼ਹਿਰ ਅੰਦਰ ਹੋਣੀਆਂ ਕੀ ਵਰਤੀਆਂ।

ਹਰਮਿੰਦਰ ਸਿੰਘ ਕੋਹਾਰਵਾਲਾ ਸਮਕਾਲੀ ਮਾਰੂ ਪ੍ਰਸਥਿਤੀਆਂ ਤੇ ਉਨ੍ਹਾਂ ਵਿਚਲੇ ਬਹੁ-ਪਰਤੀ ਸੰਕਟਾਂ ਦੀ ਨਿਸ਼ਾਨਦੇਹੀ ਹੀ ਨਹੀਂ ਕਰਦਾ, ਸਗੋਂ ਉਸਦੇ ਕਾਰਨਾਂ ਦਾ ਵਿਸਲੇਸ਼ਣ ਤੇ ਉਸ ਪ੍ਰਤੀ ਵਿਦਰੋਹ ਵੱਲ ਸੰਕੇਤ ਵੀ ਕਰਦਾ ਹੈ। ਉਹ ਭਾਰਤ ਦੀਆਂ ਬੁਰਜ਼ੁਆ ਸਿਆਸੀ ਪਾਰਟੀਆਂ ਦੀ ਲੋਕ-ਵਿਰੋਧੀ ਨੀਤੀ, ਖੱਬੇਪੱਖੀ ਲਹਿਰ ਦੇ ਵਿਚਾਰਧਾਰਕ ਭਟਕਾਅ ਅਤੇ ਆਮ ਲੋਕਾਂ ਦੀ ਸਭ ਕੁਝ ਨੂੰ ਭਾਣਾ ਸਮਝ ਕੇ ਸਹਿ ਜਾਣ ਦੀ ਨਿਪੁੰਸਕ ਰੁਚੀ ਨੂੰ ਇਸ ਲਈ ਜਿੰਮੇਵਾਰ ਸਮਝਦਾ ਹੈ। ਉਸ ਅਨੁਸਾਰ ਭਾਰਤ ਦੀਆਂ ਦੋਵੇਂ ਸਿਆਸੀ ਪਾਰਟੀਆਂ ਦੇ ਬਾਹਰੀ ਮਖੌਟੇ ਹੀ ਵੱਖਰੇ ਵੱਖਰੇ ਹਨ। ਦੋਹਾਂ ਦਾ ਕਿਰਦਾਰ ਇਕੋ ਜਿਹਾ ਹੈ, ਦੋਵੇਂ ਜਨ-ਵਿਰੋਧੀ ਹਨ। ਦੋਹਾਂ ਦਾ ਜਮਾਤੀ ਖਾਸਾ ਇੱਕੋ ਹੈ। ਦੋਹਾਂ ਵਿਚਲਾ ਨੀਤੀਗਤ ਜਾਂ ਸਿਧਾਂਤਕ ਵਖਰੇਵਾਂ ਮਹਿਜ਼ ਢੌਂਗ ਹੈ। ਸਿੱਧੇ ਸਿਆਸੀ ਰੰਗ ਵਾਲੇ ਇਹ ਸ਼ਿਅਰ ਭਾਰਤ ਦੀ ਬੁਰਜ਼ੁਆ ਰਾਜਨੀਤੀ ਦੇ ਹੀਜ-ਪਿਆਜ਼ ਉੱਤੇ ਕਟਾਖ਼ਸ਼ ਹੈ:

- ਕਿੰਨੀਆਂ ਨਵੀਆਂ ਰੀਝਾਂ ਦੀ, ਉਸ ਬੁੱਕਲ ਮਾਰੀ ਸੀ।
  ਪਲ ਵਿਚ ਇੱਕ ਵਰੋਲ਼ੇ ਸਾਰੀ ਖੇਡ ਖਿਲਾਰੀ ਸੀ।

- ਜਿਹੜੀ ਧਿਰ ਦੀ ਨੀਤੀ ਨੰਗ ਨਿਚੋੜੇ ਦੁਖੀਆਂ ਦੇ,
  ਓਸੇ ਦਾ ਮਨਮੋਹਨ ਤੇ ਉਸਦਾ ਅਟਲ ਬਿਹਾਰੀ ਸੀ।

ਸ਼ਾਇਰ ਕੋਹਾਰਵਾਲਾ ਭਾਵੇਂ ਖ਼ੁਦ ਪੰਜਾਬ ਦਾ ਖੱਬੇਪੱਖੀ ਸਾਹਿਤਕ ਲਹਿਰ ਅਤੇ ਹੋਰ ਸਮਾਜਕ ਸੰਗਠਨਾਂ ਨਾਲ ਜੁੜਿਆ ਹੋਇਆ ਹੈ ਅਤੇ ਨਿਰੰਤਰ ਕਰਮਸ਼ੀਲ ਹੈ, ਪਰ ਉਹ ਖੱਬੇਪੱਖੀ ਲਹਿਰ ਦੀਆਂ ਵਿਚਾਰਧਾਰਕ ਸੀਮਾਵਾਂ ਅਤੇ ਵਿਵਹਾਰਕ (ਅਮਲੀ) ਕਮਜ਼ੋਰੀਆਂ ਨੂੰ ਨਜ਼ਰ ਅੰਦਾਜ਼ ਨਹੀਂ ਕਰਦਾ। ਖੱਬੇ ਪੱਖੀ ਪਾਰਟੀਆਂ ਵੀ ਬੁਰਜ਼ੁਆ ਸਿਆਸੀ ਪਾਰਟੀਆਂ ਨਾਲ ਸਾਂਝ ਭਿਆਲੀ ਨੂੰ ਉਹ ਸਵੈ-ਧੋਖਾ ਕਹਿੰਦਾ ਹੈ:

- ਉਸ ਪੋਥੀ ਦੇ ਪਾਠੀ ਖੁੰਝੇ ਫਿਰਦੇ ਅਮਲਾਂ ਤੋਂ,
  ਜਿਸ ਪੋਥੀ ਵਿਚ ਜੁੱਗ ਪਲਟਣ ਦਾ ਨੁਸਖ਼ਾ ਹਾਜ਼ਰ ਹੈ।

- ਆਪਣੇ ਹੇਠ ਹਨੇਰਾ ਰੱਖਣਾ ਜਿਸਦਾ ਧਰਮ ਰਿਹਾ,
  ਉਸ ਦੀਵੇ ਤੋਂ ਇਹ ਨੇਰ੍ਹੇ ਘਰ ਚਾਨਣ ਭਾਲ਼ ਰਹੇ।

- ਕਰਦੇ ਰਹੇ ਵਿਖਾਵਾ ਰਹਿਬਰ ਦੀਵੇ ਸੀਖਣ ਦਾ,
  ਪਰ ਅਮਲਾਂ ਵਿਚ ਘਿਉ ਖਿਚੜੀ ਉਹ ਕਾਲਖ ਨਾਲ ਰਹੇ।

- ਦਿਨ ਚੜ੍ਹੇ ਦੇ ਚਾਅ 'ਚ ਸਾਥੋਂ ਦੀਪ ਸਾਂਭੇ ਨਾ ਗਏ,
  ਇਹ ਕਬੀਲਾ ਨੂਰ ਨੂੰ ਹੁਣ ਤਰਸਦਾ ਰਹਿ ਜਾਏਗਾ।

ਨਿਰਸੰਦੇਹ, ਕੋਹਾਰਵਾਲਾ ਜਨਵਾਦੀ ਦ੍ਰਿਸ਼ਟੀ ਦਾ ਸੁਆਮੀ ਹੋਣ ਕਰਕੇ, ਉਸ ਦੀ ਹਮਦਰਦੀ ਆਮ ਆਦਮੀ ਨਾਲ਼ ਹੈ, ਪਰ ਉਹ ਮੱਧਵਰਗੀ ਸਮਝੌਤਾਵਾਦੀ ਮਾਨਸਿਕਤਾ ਦਾ ਹਾਮੀ ਨਹੀਂ। ਉਹ ਇਹ ਸਮਝਦਾ ਹੇ ਕਿ ਕਾਬਜ਼ ਧਿਰਾਂ ਦੀ ਵਿਚਾਰਧਾਰਕ ਛੱਟ ਕਰਕੇ ਆਮ ਆਦਮੀ ਸੱਤਾ ਦੇ ਹਿਤਾਂ ਅਨੁਕੂਲ ਵਗਦਾ ਹੈ। ਡਰ ਅਤੇ ਨਿੱਕੇ ਮੋਟੇ ਪ੍ਰਲੋਭਣ ਉਸਨੂੰ ਸਮਝੌਤਾਵਾਦੀ ਬਣਾਉਂਦੇ ਹਨ। ਕਾਬਜ਼ ਧਿਰਾਂ ਦੁਆਰਾ ਸੰਚਾਰਿਤ ਭਰਮ-ਚੇਤਨਾ ਦੇ ਰੁਖ਼ ਵਗਦਾ ਜਨ-ਸਧਾਰਨ ਖ਼ੁਦ ਆਪਣਾ ਹੀ ਦੁਸ਼ਮਣ ਹੋ ਨਿਬੜਦਾ ਹੈ। ਇਹ ਸਥਿਤੀ ਸਵੈ-ਧੋਖੇ, ਸਵੈ-ਘਾਤ ਅਤੇ ਸਭ ਕੁਝ ਦੇ ਜਿਉਂ ਦਾ ਤਿਉਂ ਬਣੇ ਰਹਿਣ ਦੀ ਹੈ:

- ਹੁਣ ਤੱਕ ਆਪਾਂ ਦਿੱਲੀ ਵੀ ਸਰ ਕਰ ਜਾਂਦੇ।
  ਜੇ ਨਾ ਸਾਡੇ ਨਾਲ਼ ਘਰਾਂ ਦੇ ਡਰ ਜਾਂਦੇ।

- ਬੇਸ਼ੱਕ ਸਾਰੇ ਸ਼ਹਿਰ ਦੀ, ਮੁੱਠੀ ਦੇ ਵਿਚ ਜਾਨ।
  ਕਿੰਨੇ ਸਾਊ ਲੋਕ ਨੇ, ਫਿਰ ਵੀ ਅਮਨ ਅਮਾਨ।

- ਜਦ ਜਾਬਰ ਦੇ ਜ਼ੁਲਮਾਂ ਅੱਗੇ ਕੁਸਕੇ ਭੋਰਾ ਨਾ,
  ਕਿਸ ਪੁੱਛਣਾ ਸੀ, ਕੀ ਕੁਝ ਰਿਝਦਾ ਸਾਡੇ ਅੰਦਰ ਸੀ।

- ਕਦੇ ਵਿਖਾਈ ਗਰਮੀ ਹੀ ਨਾ, ਠਰੇ ਕਬੀਲੇ ਨੇ,
  ਬੇਸ਼ੱਕ ਫੁੱਟਪਾਥਾਂ 'ਤੇ ਲੰਘਦਾ ਸੀਤ ਦਸੰਬਰ ਸੀ।

- ਹਨ੍ਹੇਰਾ ਫੈਲਦਾ ਜਾਏ, ਕਬੀਲਾ ਘੂਕ ਸੁੱਤਾ ਹੈ,
  ਟਿਕਾਈ ਅੱਖ ਨੇਰ੍ਹੀ ਨੇ ਜਗਾਏ ਦੀਵਿਆਂ ਉੱਤੇ।

ਇਹ ਗ਼ਜ਼ਲ-ਸੰਗ੍ਰਹਿ **'ਪੀੜਾਂ ਦੀ ਪਰਿਕਰਮਾ'** ਹਰਮਿੰਦਰ ਸਿੰਘ ਕੋਹਾਰਵਾਲਾ ਦੀ ਤੀਜੀ ਕਾਵਿ-ਪੁਸਤਕ ਹੈ। ਇਸ ਤੋਂ ਪਹਿਲਾਂ ਛਪੇ ਉਸ ਦੇ ਦੋਵੇਂ ਕਾਵਿ-ਸੰਗ੍ਰਹਿ-'ਇੱਕ ਲੱਪ ਲਾਵਾ' (2006) ਅਤੇ 'ਜਦ ਜ਼ਖ਼ਮ ਦਵਾਤ ਬਣੇ' (ਗ਼ਜ਼ਲ

ਸੰਗ੍ਰਹਿ 2007, 2012) ਕਾਫੀ ਸਲਾਹੇ ਗਏ ਹਨ। ਹਥਲੇ ਗ਼ਜ਼ਲ ਸੰਗ੍ਰਹਿ ਵਿਚ ਡੇਰਾਵਾਦ, ਪ੍ਰਦੂਸ਼ਨ, ਮਾਦਾ ਭਰੂਣ ਹੱਤਿਆਵਾਂ, ਫ਼ਿਰਕੂ ਤੁਅੱਸਬ, ਸਭਿਆਚਾਰਕ ਰਾਸ਼ਟਰਵਾਦ, ਪੱਛਮ ਦੀ ਅੰਨ੍ਹੀ ਨਕਲ, ਵਿਅਕਤੀਵਾਦ, ਉਪਭੋਗਤਾਵਾਦ ਅਤੇ ਮਨੁੱਖੀ ਰਿਸ਼ਤਿਆਂ ਵਿਚੋਂ ਮਨਫ਼ੀ ਹੁੰਦੇ ਨਿੱਘ ਆਦਿ ਮਸਲਿਆਂ ਬਾਰੇ ਬੜੇ ਪੁਖਤਾ ਅਤੇ ਕਟਾਖਸ਼ੀ ਰੰਗ ਦੇ ਸ਼ਿਅਰ ਹਨ। ਕਈ ਥਾਈਂ ਵਕਤੀ ਘਟਨਾਵਾਂ ਬਾਰੇ ਲੋਕ-ਕਾਵਿਕ ਸ਼ੈਲੀ ਵਿਚ ਤਬਸਰਾ ਹੈ, ਭਾਵੇਂ ਇਹਨਾਂ ਸ਼ਿਅਰਾਂ ਦੀ ਕਲਾਤਮਕ ਸੀਮਾ ਤੋਂ ਇਨਕਾਰ ਨਹੀਂ, ਪਰ ਇਨ੍ਹਾਂ ਦਾ ਦਸਤਾਵੇਜ਼ੀ ਮਹੱਤਵ ਹੈ ਅਤੇ ਇਹ ਪੰਜਾਬੀ ਮਾਨਸਿਕਤਾ ਵਿਚ ਆ ਰਹੇ ਪਰਿਵਰਤਨਾਂ ਨੂੰ ਵੀ ਰੇਖਾਂਕਿਤ ਕਰਦੇ ਹਨ। ਸਿਆਸੀ ਘੁਟਾਲੇ, ਪਰਿਵਾਰਵਾਦ, ਪੱਛਮੀ ਸਭਿਆਚਾਰ ਦੀ ਨਕਲ ਅਤੇ ਬਿਨ ਲਾਦੇਨ ਆਦਿ ਬਾਰੇ ਇਹ ਸ਼ਿਅਰ ਹਾਜ਼ਰ ਹਨ:

- ਬਹਾਨਾ ਲੋਕ ਸੇਵਾ ਦਾ, ਸਿਆਸਤ ਹੁਣ ਤਜ਼ਾਰਤ ਹੈ।
  ਧੜੱਲੇਦਾਰ ਨੇਤਾ ਦੀ, ਘੁਟਾਲ਼ਾ ਹੀ ਸ਼ਨਾਖ਼ਤ ਹੈ।

- ਬਣੀਆਂ ਵੇਲੇ ਪੰਥ ਨੂੰ ਰਹਿਣ ਘਕਾਉਂਦੇ ਨਾਲ਼,
  ਹੁਣ ਇੱਕੋ ਪਰਿਵਾਰ ਦੀ ਬਣੀ ਵਜ਼ਾਰਤ ਵੇਖ।

- ਵਿਰਾਸਤ ਸਾਂਭਣੀ ਇਹਨਾਂ, ਗੁਆਚੀ ਗੁੱਤ ਜਿਨ੍ਹਾਂ ਦੀ,
  ਕਮੀਜ਼ਾਂ ਮੁਕਤ ਬਾਹਾਂ ਤੋਂ, ਤੇ ਟੈਟੂ ਡੌਲਿਆਂ ਉੱਤੇ।

- ਭੋਰਾ ਧਰਤ ਮਿਲੀ ਨਾ ਉਸ ਨੂੰ ਦੱਬਣ ਨੂੰ।
  ਫਿਰਦਾ ਸੀ ਜੋ ਇਸ ਤੇ ਝੰਡੇ ਗੱਡਣ ਨੂੰ।

ਹਰਮਿੰਦਰ ਸਿੰਘ ਕੋਹਾਰਵਾਲਾ ਗ਼ਜ਼ਲ ਦੇ ਸ਼ਾਸਤਰੀ ਬੰਧੇਜ (ਆਰੂਜ਼ ਦੀਆਂ ਪਾਬੰਦੀਆਂ) ਤੋਂ ਤਾਂ ਸੁਚੇਤ ਹੈ, ਪਰ ਉਹ ਗ਼ਜ਼ਲ ਦੇ ਰਵਾਇਤੀ ਦਰਬਾਰੀ ਅੰਦਾਜ਼, ਬੁਰਜ਼ੁਆ ਸ਼ਿਲਪ ਸੁਹਜ ਅਤੇ ਰੁਮਾਨੀ ਪੁੱਠ ਵਾਲੀ ਕਾਵਿ-ਭਾਸ਼ਾ ਦਾ ਸਮਰਥਕ ਨਹੀਂ। ਭਾਸ਼ਾ ਦੀ ਛੂਈ-ਮੁਈ ਕੋਮਲਤਾ ਅਤੇ ਬਿਆਨ ਦੇ ਦਰਬਾਰੀ ਸਲੀਕੇ ਦੀ ਥਾਂ ਉਹ ਸਿੱਧੀ ਵੰਗਾਰ ਕੇ (ਡਟ ਕੇ ਬਚਨ ਬਿਲਾਸ ਕਰੀਂ) ਗੱਲ ਕਰਦਾ ਹੈ। ਲੋਕ-ਸੰਘਰਸ਼ਾਂ 'ਚ ਸਿੱਧੀ ਭਾਗੀਦਾਰੀ ਅਤੇ ਵਿਚਾਰਧਾਰਕ ਪ੍ਰਤੀਬੱਧਤਾ ਕਰਕੇ ਉਹ ਸਰਲ ਸੁਬੋਧ ਸ਼ੈਲੀ ਵਿੱਚ ਸਪਸ਼ਟ ਗੱਲ ਕਰਦਾ ਹੈ। ਠੇਠ ਮਲਵਈ ਪੁੱਠ ਵਾਲੇ ਸ਼ਬਦਾਂ ਨੂੰ ਗ਼ਜ਼ਲ ਵਿਚ ਬੀੜਣ ਨਾਲ ਉਸਦੀ ਕਾਵਿ-ਭਾਸ਼ਾ ਦਾ ਸੁਹਜ ਹੋਰ ਵੀ ਨਿੱਖਰ ਜਾਂਦਾ ਹੈ। ਮਲਵਈ ਦੇ ਸਥਾਨਕ ਰੰਗ ਵਾਲੇ ਇਹ ਸ਼ਬਦ ਸਹਿਬਨ ਹੀ ਉਸ ਦੀ ਕਾਵਿ-ਭਾਸ਼ਾ ਦੇ ਜਾਇਕੇ ਦੀ ਇੱਕ ਝਲਕ ਦਿਖਾਉਂਦੇ ਹਨ-ਸਿਕਰਾਏ ਹੋਠ, ਤਰੇੜੇ ਘਰ, ਚਿੱਘੀ, ਰੌਣ, ਤੌਣ,

ਲੌਂਣ, ਪੋਰੇ, ਰਸਮਣ, ਆਰ, ਖੋਲ਼ੇ, ਕਰੰਡ ਹੋਣਾ, ਅੜਤਲਾ, ਰੇੜੂ, ਰੜੇ, ਬੋੜੇ, ਕਸੀਰ, ਚੋਭ, ਖੁੱਲਣਾ (ਕੁੱਟਣਾ), ਢੋਲ (ਡਰੱਮ), ਕੁੱਜਾ, ਕੁਸਕਣਾ, ਠਿਠੰਬਰ, ਠਰੇ, ਸੀਤ, ਡੁਸਕਣ, ਡਰਨੇ, ਤਲ਼ੀਆਂ, ਚੂਥੀਆਂ, ਖਿੜਕ, ਧੁੱਦਲ, ਸਰ, ਭੜੋਲੇ, ਸਬਾਤ, ਪਾਲ਼ੋ-ਪਾਲ਼, ਡੋਕੇ, ਮੱਲ, ਪੋਣਾ, ਟਟਹਿਣਾ, ਰੜ੍ਹੇ, ਮੜ੍ਹੇ, ਟੱਟੂ, ਸਾਬਤਾ, ਛਿਟੀਆਂ, ਪੋਰੀਆਂ, ਕਿਣਮਿਣ, ਔੜ ਅਤੇ ਉੱਕਰੀ ਆਦਿ।

ਕੋਹਾਰਵਾਲਾ ਇਹ ਸਮਝਦਾ ਹੈ ਕਿ ਅੱਜ ਜਦੋਂ ਉਦਾਰਵਾਦੀ ਆਰਥਿਕਤਾ ਅਤੇ ਵਿਕਾਸ ਦੇ ਭਰਮਾਊ ਨਾਹਰਿਆਂ/ਦਾਅਵਿਆਂ ਦੀ ਕਾਵਾਂ-ਰੌਲੀ ਵਿਚ ਦੋਸਤ ਤੇ ਦੁਸ਼ਮਣ ਦੀ ਪਛਾਣ ਕਰਨੀ ਮੁਸ਼ਕਿਲ ਹੋ ਗਈ ਹੈ, ਉਸ ਸਮੇਂ ਸਮਾਜਿਕ-ਨਿਆਂ, ਆਜ਼ਾਦੀ, ਲੋਕਤੰਤਰ ਅਤੇ ਬਰਾਬਰੀ ਲਈ ਸੰਘਰਸ਼ ਕਰਨ ਵਾਲੇ ਸੰਵੇਦਨਸ਼ੀਲ ਲੋਕਾਂ ਦਾ ਕੰਮ ਹੋਰ ਵੀ ਮੁਸ਼ਕਿਲ ਹੋ ਗਿਆ ਹੈ। ਪਰ ਉਹ ਕਥਿਤ ਬੁੱਧੀਜੀਵੀਆਂ ਵਾਂਗ ਬੇਆਸ ਨਹੀਂ। ਉਸ ਦੀ ਸ਼ਾਇਰੀ ਇਹ ਧਰਵਾਸ ਬਨਾਉਂਦੀ ਹੈ ਕਿ ਆਖਰ ਲੋਕ ਆਪਣੇ ਹੱਕਾਂ ਲਈ ਜਾਗਣਗੇ। ਉਸਦੀ ਨਸੀਹਤ ਅਤੇ ਆਸ਼ਾ ਭਰੇ ਬੋਲਾਂ ਨਾਲ ਇਹ ਚਰਚਾ ਸਮੇਟਦੇ ਹਾਂ:

- ਮੱਥੇ ਵਿਚਲੇ ਤੇਜ ਨੂੰ ਵਰਤ ਸਲੀਕੇ ਨਾਲ,
  ਮੱਥਾ ਪਰਬਤ ਨਾਲ਼ ਹੈ, ਜਾਣ ਨਾ ਜੰਗ ਆਸਾਨ।

- ਤੁਸਾਂ ਫਿਰ ਚੀਕਣਾ ਉਸ ਦਿਨ, ਜਦੋਂ ਉਹ ਆ ਗਏ ਚੜ੍ਹ ਕੇ
  ਥੁੜਾਂ ਦੀ ਪੀੜ ਉੱਕਰੀ ਹੈ, ਜਿਨ੍ਹਾਂ ਦੇ ਚਿਹਰਿਆਂ ਉਤੇ।

- ਮਨ ਦੀ ਹਾਂਡੀ ਵਿਚ ਜੋ ਰਿਝਦੇ, ਰਹਿਣ ਉਬਾਲ਼ੇ ਖਾਂਦੇ,
  ਇਕ ਵਾਰੀ ਜੇ ਫੁੱਟ ਪਏ ਤਾਂ, ਫਿਰ ਲਾਵੇ ਨਹੀਂ ਠਰਨੇ।

ਮੇਰਾ ਵਿਸ਼ਵਾਸ਼ ਹੈ ਕਿ ਹਰਮਿੰਦਰ ਸਿੰਘ ਕੋਹਾਰਵਾਲਾ ਦਾ ਇਹ ਗ਼ਜ਼ਲ ਸੰਗ੍ਰਹਿ ਸਿਦਕਵਾਨਾਂ ਦੇ ਹੌਂਸਲੇ ਨੂੰ ਹੋਰ ਬੁਲੰਦ ਕਰੇਗਾ। ਉਸ ਦੀ ਨੇਕ-ਨੀਤੀ, ਸੁਹਿਰਦਤਾ, ਦ੍ਰਿੜਤਾ ਅਤੇ ਕਲਮ ਨੂੰ ਸਲਾਮ।

**-ਡਾ. ਸੁਖਦੇਵ ਸਿੰਘ**
ਜ: ਸਕੱਤਰ
ਪੰਜਾਬੀ ਸਾਹਿਤ ਅਕਾਡਮੀ
ਲੁਧਿਆਣਾ।

## ਸੰਘਰਸ਼ ਦਾ ਸੁਹਜ-ਸ਼ਾਸਤਰ : ਪੀੜਾਂ ਦੀ ਪਰਿਕਰਮਾ

ਹਰਮਿੰਦਰ ਸਿੰਘ ਕੋਹਾਰਵਾਲਾ ਦਾ ਨਾਂ ਮੇਰੇ ਲਈ ਬੜੇ ਇਹਤਰਾਮ ਦਾ ਸਬੱਬ ਹੈ। ਇਸ ਦੇ ਮੈਨੂੰ ਦੋ ਕਾਰਨ ਬੜੇ ਸਪੱਸ਼ਟ ਦਿਸਦੇ ਹਨ। ਪਹਿਲਾ, ਉਹ ਲੋਕ-ਹਿੱਤਾਂ ਤੇ ਲੋਕਾਂ ਲਈ ਲੜ ਰਹੀਆਂ ਜਥੇਬੰਦੀਆਂ ਦਾ ਤਾ-ਉਮਰ ਇਕ ਨਾਇਕ ਵਰਗਾ ਘੁਲਾਟੀਆ ਰਿਹਾ ਹੈ। ਸੇਵਾ-ਮੁਕਤੀ ਪਿੱਛੋਂ ਜਿੱਥੇ ਬਹੁਤ ਸਾਰੇ ਮੁਲਾਜ਼ਮ ਸਿਥਲ ਹੋ ਜਾਂਦੇ ਹਨ ਹਰਮਿੰਦਰ ਸਿੰਘ ਹੋਰਾਂ ਨੇ ਆਪਣੇ ਲੜਣ ਦਾ ਹਥਿਆਰ ਕਲਮ ਨੂੰ ਬਣਾਇਆ ਹੈ। ਤੇ ਵਰ੍ਹਿਆਂ ਤਕ ਕੀਤੇ ਸੰਘਰਸ਼ ਦੇ ਅਨੁਭਵ ਤੇ ਅਹਿਸਾਸ ਉਨ੍ਹਾਂ ਦੀ ਰਚਨਾਕਾਰੀ ਰਾਹੀਂ ਵਹਿ ਤੁਰੇ ਹਨ। ਦੂਸਰਾ, ਉਹ ਸਾਡੇ ਮਿੱਤਰ ਤੇ ਵੱਡੇ ਭਰਾਵਾਂ ਵਰਗੇ ਹੱਸਾਸ ਸ਼ਾਇਰ ਪ੍ਰੋ: ਗੁਰਤੇਜ ਕੋਹਾਰਵਾਲਾ ਦੇ ਵਾਲਿਦ ਸਾਹਿਬ ਹਨ। ਉਨ੍ਹਾਂ ਦੇ ਨਵੇਂ ਗ਼ਜ਼ਲ ਸੰਗ੍ਰਹਿ ਦੇ ਖਰੜੇ ਵਿੱਚੀਂ ਇਕ ਪਾਠਕ ਵਾਂਗ ਲੰਘਦਿਆਂ ਇਹਤਰਾਮ ਦੀਆਂ ਇਹ ਤੰਦਾਂ ਹੋਰ ਵੀ ਪੀਚੀਆਂ ਗਈਆਂ ਮਹਿਸੂਸ ਹੁੰਦੀਆਂ ਹਨ। ਕੁਝ ਸਾਲ ਪਹਿਲਾਂ ਛਪਿਆ ਹਰਮਿੰਦਰ ਸਿੰਘ ਹੋਰਾਂ ਦੇ ਗ਼ਜ਼ਲ ਸੰਗ੍ਰਹਿ 'ਜਦ ਜ਼ਖ਼ਮ ਦਵਾਤ ਬਣੇ' ਜਿਸ ਤਰ੍ਹਾਂ ਦੀ ਸ਼ਿਅਰ-ਸੰਵੇਦਨਾਂ ਦੀ ਪੰਜਾਬੀ ਗ਼ਜ਼ਲ ਵਿਚ ਵਾਕਫ਼ੀਅਤ ਕਰਾਉਂਦਾ ਸੀ, ਹੱਥਲਾ ਸੰਗ੍ਰਹਿ 'ਪੀੜਾਂ ਦੀ ਪਰਿਕਰਮਾ' ਉਸ ਸੰਵੇਦਨਾ ਨੂੰ ਹੋਰ ਪੱਕੇ ਪੈਰੀਂ ਕਰਦਾ ਹੈ। ਹਰਮਿੰਦਰ ਸਿੰਘ ਹੋਰਾਂ ਦੀ ਗ਼ਜ਼ਲਕਾਰੀ ਦੇ ਕੁਝ ਸਰੋਕਾਰ ਅਸਲੋਂ ਵੱਖਰੇ ਤੇ ਮੌਲਿਕ ਮੁਹਾਂਦਰੇ ਵਾਲੇ ਹਨ। ਜਿਹੜੇ ਸਮਕਾਲੀ ਪੰਜਾਬੀ ਗ਼ਜ਼ਲ ਦੇ ਸਿਰਜਣ ਪਰਿਪੇਖ ਵਿਚ ਅੱਡ ਖੜ੍ਹੇ ਨਜ਼ਰ ਆਉਂਦੇ ਹਨ।

ਗ਼ਜ਼ਲ ਦੀ ਰਵਾਇਤੀ ਪਰਿਭਾਸ਼ਾ ਇਸਨੂੰ ਔਰਤਾਂ ਨਾਲ ਇਸ਼ਕੀਆ ਵਾਰਤਾਲਾਪ ਤਕ ਸੀਮਤ ਕਰਦੀ ਰਹੀ ਹੈ। ਇਕ ਹੋਰ ਮੱਤ ਅਨੁਸਾਰ ਇਹ ਗੱਜ਼ਾਲਾ (ਹਿਰਨ) ਦੀ ਦਰਦੀਲੀ ਹੂਕ ਹੈ। ਨਤੀਜਨ ਇਸ ਵਿਧਾ ਨੂੰ ਨਜ਼ਾਕਤ ਦੇ ਸਮਅਰਥੀ ਬਣਾ ਦਿੱਤਾ ਗਿਆ। ਉਰਦੂ ਵਿਚ ਮੀਰ-ਗ਼ਾਲਿਬ ਦੀ ਧਾਰਾ ਨੇ ਹਾਲਾਂਕਿ ਇਸ ਮਿੱਥ ਨੂੰ ਤੋੜਿਆ ਪਰ ਇਸਦੇ ਸਮਾਂਤਰ ਵਧੇਰੇ ਗ਼ਜ਼ਲ ਉਹ ਸੀ, ਜਿਸਦੇ ਰਚਨਾਤਮਕ ਆਦਰਸ਼ ਨਵਾਬੀ/ ਜਾਗੀਰਦਾਰੀ ਸਮਾਜ ਦੀਆਂ ਦਰਬਾਰੀ ਰਹੁ-ਰੀਤਾਂ ਦੇ ਅਨੁਕੂਲ ਸਨ। ਅਜਿਹੀ ਗ਼ਜ਼ਲ ਨੂੰ ਨਾਜ਼ੁਕ ਸ਼ਬਦਾਂ ਰਾਹੀਂ ਨਿੱਜ ਦੀ ਵੇਦਨਾ ਪੇਸ਼ ਕਰਨ ਦੇ ਮਾਧਿਅਮ ਤਕ ਸੀਮਤ ਕਰ ਦਿੱਤਾ ਗਿਆ। ਇਸ ਮਿੱਥ ਨੂੰ ਪੰਜਾਬੀ ਦੀ ਬਹੁਗਿਣਤੀ ਗ਼ਜ਼ਲ ਰਚਨਾ ਨੇ ਵੀ ਸਵੀਕਾਰ ਕੀਤਾ। ਵਰਤਮਾਨ ਤਕ ਆਉਂਦਿਆਂ ਪੰਜਾਬੀ ਗ਼ਜ਼ਲ ਨੇ ਇਸ ਥੋਦੀ ਰਵਾਇਤ ਨੂੰ ਪਰਾਂਹ ਵਗਾਹ ਮਾਰਿਆ ਹੈ। ਹੁਣ ਜਦੋਂ ਮੈਂ ਹਰਮਿੰਦਰ ਸਿੰਘ ਕੋਹਾਰਵਾਲਾ ਦੀਆਂ ਗ਼ਜ਼ਲਾਂ ਦੇ ਰੂਬਰੂ ਹੋਇਆ ਹਾਂ ਤਾਂ ਕੁਝ ਅਸਲੋਂ ਨਵੇਂ ਪਾਸਾਰ ਮੇਰੇ ਸਾਹਮਣੇ ਉਜਾਗਰ ਹੋਏ ਹਨ। ਪਦਾਰਥਾਂ ਦੀ ਅੰਨ੍ਹੀ ਦੌੜ ਵਾਲੇ ਸਮਕਾਲ ਵਿਚ ਜੇਕਰ ਕਵਿਤਾ ਨੇ ਸੱਚਮੁੱਚ ਹੀ ਪੀੜਤ ਲੋਕਾਈ ਦੀ ਆਵਾਜ਼

ਬਣਨਾ ਹੈ ਤਾਂ ਇਸਨੂੰ ਪ੍ਰਚਲਿਤ ਕਾਵਿ-ਸ਼ਾਸਤਰੀ ਪ੍ਰਤਿਮਾਨਾਂ ਨਾਲ ਸੰਵਾਦ ਰਚਾਉਣਾ ਪਵੇਗਾ। ਬਿੰਬ ਤੇ ਪ੍ਰਤੀਕ ਕਿਸੇ ਵੀ ਕਵਿਤਾ ਦੀ ਜਾਨ ਹੁੰਦੇ ਹਨ। ਪਰ ਬਿੰਬਾਂ 'ਤੇ ਜ਼ੋਰ ਦੇ ਕੇ ਕਵਿਤਾ ਨੂੰ ਭਾਰੀ ਬਰਕਮ ਤੇ ਅਸੰਚਾਰੀ ਬਣਾਉਣ ਦਾ ਕੰਮ ਬੁਰਜੁਆ ਸੁਹਜ-ਸ਼ਾਸਤਰ ਕਰਦਾ ਹੈ। ਇਸ ਨਾਲ ਵਰਗ ਸੰਘਰਸ਼ ਵਿਚ ਪੀੜਤ ਧਿਰ ਦਾ ਵਿਚਾਰਧਾਰਕ ਹਥਿਆਰ ਬਣਨ ਦੀ ਥਾਂ ਕਵਿਤਾ ਲੋਕਾਂ ਨਾਲੋਂ ਟੁੱਟ ਜਾਂਦੀ ਹੈ। ਬਹੁਗਿਣਤੀ ਪੰਜਾਬੀ ਕਵਿਤਾ ਦਾ ਇਹੀ ਸਮਕਾਲੀ ਦੁਖਾਂਤ ਹੈ। ਹਰਮਿੰਦਰ ਸਿੰਘ ਕੋਹਾਰਵਾਲਾ ਦੀ ਰਚਨਾਕਾਰੀ ਦੇ ਅਮਲ ਵਿਚ ਆਉਣ ਦਾ ਬਿੰਦੂ ਹੀ ਪੀੜਤ ਧਿਰ ਨਾਲ ਜੁੜੇ ਹੋਣ ਵਿਚੋਂ ਪਛਾਣਿਆ ਜਾ ਸਕਦਾ ਹੈ। ਉਨ੍ਹਾਂ ਦੀਆਂ ਗ਼ਜ਼ਲਾਂ ਸਮਕਾਲੀ ਜੀਵਨ ਵਿਚਲੀ ਟੁੱਟ-ਭੱਜ ਦੇ ਕਾਰਕਾਂ ਦੀ ਤਲਾਸ਼ ਅਤੇ ਉਨ੍ਹਾਂ ਸਥਿਤੀਆਂ ਦੇ ਵਿਸ਼ਲੇਸ਼ਣ ਵਿਚੋਂ ਉਪਜਦੀਆਂ ਹਨ, ਜਿੰਨ੍ਹਾਂ ਨੇ ਮਨੁੱਖ ਦੀ ਸੱਤਾ-ਪੱਖੀ ਘਾੜਤ ਵਿਚ ਵੱਡਾ ਹਿੱਸਾ ਪਾਇਆ ਹੈ। ਅਜਿਹਾ ਕਰਦਿਆਂ ਹਰਮਿੰਦਰ ਸਿੰਘ ਹੋਰੀਂ ਸ਼ਾਇਰ ਵਜੋਂ ਆਪਣੀ ਜ਼ਿੰਮੇਵਾਰੀ ਤੋਂ ਭਲੀ-ਭਾਂਤ ਸੁਚੇਤ ਹਨ। ਤਦੇ ਉਹ ਕਹਿੰਦੇ ਹਨ:

- ਢਾਲ ਦਿਆਂ ਝੱਟ ਸ਼ਿਅਰਾਂ ਅੰਦਰ, ਦਿੱਤੇ ਦਰਦ ਬਲਾਵਾਂ ਦੇ।
  ਜਦ ਗੁਣੀਏਂ ਵਿਚ ਕਰਦਾਂ ਗ਼ਜ਼ਲਾਂ, ਭਾਅ ਦੀ ਬਣਦੀ ਭਾਵਾਂ ਦੇ।

ਸ਼ਾਇਰੀ ਪ੍ਰਤੀ ਅਜਿਹੀ ਸੁਚੇਤਤਾ ਸ਼ਾਇਰ ਕੋਹਾਰਵਾਲਾ ਨੂੰ ਸਮਕਾਲੀ ਵਰਤਾਰਿਆਂ ਪ੍ਰਤੀ ਸਜੱਗ ਸੂਝ ਤੇ ਸੰਤੁਲਿਤ ਪਹੁੰਚ ਨਾਲ ਜੋੜਦੀ ਹੈ। ਸਮਕਾਲ ਵਿਚਲੇ ਲੁੱਟ ਤੰਤਰ ਦੇ ਸਾਰੇ ਪੱਖਾਂ ਧਰਮ, ਸਿਆਸਤ, ਬਾਜ਼ਾਰ ਆਦਿ ਪ੍ਰਤੀ ਸ਼ਾਇਰ ਦੀ ਤਿੱਖੀ ਆਲੋਚਨਾਤਮਕ ਨੀਝ ਇਸ ਸ਼ਾਇਰੀ ਨੂੰ ਸੰਘਰਸ਼ ਅਤੇ ਪ੍ਰਚੰਡ ਪ੍ਰਤਿਰੋਧ ਨਾਲ ਭਰਪੂਰ ਬਣਾਉਂਦੀ ਹੈ। ਵਿਸ਼ੇਸ਼ ਗੱਲ ਇਨ੍ਹਾਂ ਗ਼ਜ਼ਲਾਂ ਦੀ ਖੜਕਵੀਂ ਤੇ ਟੁਣਕਵੀਂ ਭਾਸ਼ਾ ਹੈ, ਜਿਸ ਵਿਚੋਂ 'ਝਾਂਜਰ ਦਾ ਸੰਗੀਤ' ਨਹੀਂ ਸਗੋਂ ਸਾਹ ਸੂਤਵੀਆਂ ਜ਼ੰਜੀਰਾਂ ਦੀ ਟੁਣਕਾਰ ਸੁਣਦੀ ਹੈ:

- ਲਗਾਈ ਧਰਮ ਨੇ ਤੀਲੀ, ਸਿਆਸਤ ਨੇ ਹਵਾ ਦਿੱਤੀ।
  ਜਲਾ ਕੇ ਚਹਿਕਦੀ ਬਸਤੀ, ਸਿੰਘਾਸਣ ਨੂੰ ਗ਼ਿਜ਼ਾ ਦਿੱਤੀ।

- ਸਮੁੰਦਰ ਵੱਲ ਨੂੰ ਚੱਲੀ, ਥਲਾਂ ਨੂੰ ਘੂਰ ਕੇ ਲੰਘੀ।
  ਚਿੜੀ ਨੇ ਘੁੱਟ ਜੇ ਮੰਗੀ, ਨਦੀ ਨੇ ਨਾਂਹ ਸੁਣਾ ਦਿੱਤੀ।

ਸਮਕਾਲ ਪ੍ਰਤਿ ਰਾਜਸੀ ਪੈਂਤੜੇ ਤੋਂ ਸ਼ਾਇਰ ਦੀ ਇਹ ਦ੍ਰਿਸ਼ਟੀ ਭਾਵੇਂ ਉਭਰਵੀਂ ਹੈ, ਪਰ ਇਹ ਕਿਤੇ ਵੀ ਉੱਚਾ/ਸ਼ੋਰੀਲਾ ਸੁਰ ਨਹੀਂ ਧਾਰਦੀ। ਇਸ ਵਿਚਲੀ ਕਾਵਿਕਤਾ ਉਚਾਰ ਨੂੰ ਬਹੁਪਰਤੀ ਅਤੇ ਅਰਥ ਸੰਚਾਰ ਨੂੰ ਨਿਸ਼ਚਿਤ ਦਿਸ਼ਾਵੀ ਬਣਾਉਂਦੀ ਹੈ। ਇਹ ਗ਼ਜ਼ਲਕਾਰੀ ਮਨੁੱਖੀ ਕਿਰਤ ਸ਼ਕਤੀ ਨੂੰ ਸਰਵਉੱਚਾ ਮੰਨਣ ਦੇ ਸਿਧਾਂਤ 'ਚੋਂ ਉਪਜੀ ਹੈ। ਇਸ ਲਈ ਵਿਕਰਾਲ ਸਮਕਾਲੀ ਹਾਲਾਤ ਵਿਚ ਵੀ ਸ਼ਾਇਰ ਆਸ ਦਾ

ਸਿਰਾ ਹੱਥੋਂ ਨਹੀਂ ਛੱਡਦਾ ਸਗੋਂ ਕਿਰਤੀ ਵਿਅਕਤੀ ਦੇ ਸਾਂਝੇ ਸੰਘਰਸ਼ ਲਈ ਪ੍ਰੇਰਨਾ ਦਾ ਸਰੋਤ ਸਿਰਜਦਾ ਹੈ:

- ਝੱਖੜ ਅੱਗੇ ਪੇਸ਼ ਗਈ ਨਾ ਛੱਪਰ ਉੱਡ ਗਿਆ।
  ਕਰ ਹੱਥਾਂ ਦੀ ਚਾਰ-ਦੀਵਾਰੀ ਜਗਦਾ ਦੀਪ ਬਚਾ।

ਹਰਮਿੰਦਰ ਸਿੰਘ ਕੋਹਾਰਵਾਲਾ ਦੀ ਇਹ ਸ਼ਾਇਰੀ ਗ਼ਜ਼ਲ ਦੀ ਨਵੀਂ ਵਿਆਕਰਣ ਘੜਨ ਦੇ ਸਮਰੱਥ, ਜਿਸ ਵਿੱਚ ਨਾ ਤਾਂ ਨਿਸ਼ਚਿਤ ਸ਼ਬਦ-ਪ੍ਰਬੰਧ ਹੀ ਹੈ ਨਾ ਹੀ ਅਰਥ ਮਿੱਥਾਂ ਵਾਂਗ ਸਾਹਮਣੇ ਆਉਂਦੇ ਹਨ। ਇਸ ਸ਼ਾਇਰੀ ਨੂੰ ਪੜ੍ਹਦਿਆਂ ਮੈਂ ਆਪਣੇ ਬਜ਼ੁਰਗ ਸ਼ਾਇਰ ਦੀ ਮਿਹਨਤ, ਦ੍ਰਿੜਤਾ ਤੇ ਪ੍ਰਤਿਬੱਧਤਾ ਨੂੰ ਨਤਮਸਤਕ ਹੁੰਦਾ ਹਾਂ। ਹਾਲਾਤ ਬਦਲਣ ਦੀ ਪ੍ਰਚੰਡ ਇੱਛਾ ਰੱਖਣ ਵਾਲੀ ਇਸ ਸ਼ਾਇਰੀ ਪ੍ਰਤਿ ਮੇਰਾ ਪੱਕਾ ਅਕੀਦਾ ਹੈ ਕਿ ਇਹ ਗ਼ਜ਼ਲਕਾਰੀ ਇਕ ਰਵਾਇਤ ਵਿਚ ਵਟਣ ਦੇ ਸਮਰੱਥ ਹੈ। ਭਾਵੇਂ ਅੱਜ ਸਾਨੂੰ ਹਾਲਾਤ ਦੀ ਬਦਤਰੀਨਤਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਪਰ ਮੈਂ ਇਸ ਸ਼ਾਇਰੀ ਦੇ ਆਸਰੇ ਮਨੁੱਖੀ ਚੇਤਨਾ ਵਿਚ ਸੰਘਰਸ਼ ਦੀ ਚੰਗਿਆੜੀ ਮਘਦੀ ਰੱਖਣ ਦੀ ਆਸ ਵਿਚ ਹਰਮਿੰਦਰ ਸਿੰਘ ਕੋਹਾਰਵਾਲਾ ਜੀ ਦੀ ਆਸ ਦਾ ਸਾਂਝੀਦਾਰ ਹਾਂ। ਇਸ ਸ਼ਾਇਰੀ ਦੇ ਪਾਠ ਦੌਰਾਨ ਦੁਸ਼ਿਅੰਤ ਕੁਮਾਰ ਦਾ ਇਹ ਸ਼ਿਅਰ ਵਾਰ-ਵਾਰ ਮੈਨੂੰ ਯਾਦ ਆਉਂਦਾ ਰਿਹਾ ਹੈ:

- ਵੁਹ ਮੁਤਮੁਈਨ ਹੈਂ ਪੱਥਰ ਪਿਘਲ ਨਹੀਂ ਸਕਤਾ,
  ਮੈਂ ਬੇਕਰਾਰ ਹੂੰ ਆਵਾਜ਼ ਕੇ ਅਸਰ ਕੇ ਲੀਏ।

**-ਡਾ. ਜਸਵਿੰਦਰ ਜੋਧਾ**
ਡੀ ਏ ਵੀ ਕਾਲਜ,
ਜਲੰਧਰ।

✪

ਘਿਰ ਕੇ ਸੰਕਟ ਵਿਚ ਨਾ ਡੋਲੀਂ, ਨਾ ਹੀ ਚਿੱਤ ਉਦਾਸ ਕਰੀਂ।
ਹਰ ਮੁਸ਼ਕਲ ਚੋਂ ਸਾਬਤ ਕਦਮੀਂ, ਪਾਰ ਜਾਣ ਦੀ ਆਸ ਕਰੀਂ।

ਕੋਸੀ ਜਾਈਂ ਨਾ ਲੇਖਾਂ ਨੂੰ, ਕਿਸਮਤ ਹੱਥੀਂ ਆਪ ਲਿਖੀਂ,
ਏਸ ਖ਼ੁਦਾ ਨੇ ਕੀ ਦੇਣਾ ਹੈ, ਨਾ ਤਰਲੇ ਅਰਦਾਸ ਕਰੀਂ।

ਭੁੱਖਾਂ ਤੇਹਾਂ ਔੜਾਂ ਥੋੜਾਂ, ਸਭ ਕੁੱਝ ਏਥੇ ਆਮ ਰਹੂ,
ਏਸ ਨਗਰ ਦੇ ਨਾ ਹੋਇਆਂ ਤੋਂ, ਚੰਗੇ ਦੀ ਨਾ ਆਸ ਕਰੀਂ।

ਚਾਰ ਚੁਫੇਰੇ ਨਾਲ ਪ੍ਰੀਤੀ, ਤੋੜ ਨਿਭਾਉਣੀ ਜੇਕਰ ਤੂੰ,
ਆਪਣੇ ਮਨ ਦੇ ਹਰ ਕੋਨੇ 'ਚੋਂ, ਮੋਹ ਮਾਇਆ ਦਾ ਨਾਸ ਕਰੀਂ।

ਰੁੱਖੀ ਸੁੱਕੀ ਖੰਨੀ ਖਾ ਲਈਂ, ਅੰਨ੍ਹੀ ਮਾਂ ਦੇ ਹੱਥਾਂ ਦੀ,
ਭੁੱਲ ਭੁਲੇਖੇ ਵੇਖਾਵੇਖੀ, ਬੀਬਾ ਨਾ ਪਰਵਾਸ ਕਰੀਂ।

ਹੋ ਸਕਦਾ ਦਿਲ ਟੁੱਟੇ ਤੇਰਾ, ਤੇ ਜੀਅ ਲੱਥੇ ਜੀਵਨ ਤੋਂ,
ਤੂੰ ਸਿਕਰਾਏ ਹੋਠਾਂ ਨੇੜੇ, ਫਿਰ ਵੀ ਨਾ ਸਲਫ਼ਾਸ ਕਰੀਂ।

ਮੂੰਹ ਰੱਖਣ ਤੋਂ ਕੀ ਲੈਣਾ ਤੂੰ, ਪੀੜ ਦਬਾਈ ਰੱਖੀਂ ਨਾ,
ਮਰਦ ਕਦੇ ਨਾ ਮਿਣ ਮਿਣ ਕਰਦੇ, ਡਟ ਕੇ ਬਚਨ ਬਿਲਾਸ ਕਰੀਂ।

ਚਾਰ ਚੁਫੇਰੇ ਘੋਰ ਨਿਰਾਸ਼ਾ, ਸੁਪਨੇ ਡਾਹ ਨਾ ਦੇਣ ਅਜੇ,
ਫਿਰ ਵੀ ਆਪਣੇ ਜੀਂਦੇ ਜੀਅ ਤੂੰ, ਯੁੱਗ ਪਲਟਣ ਦੀ ਆਸ ਕਰੀਂ।

✪

ਹੁਲਾਰੇ ਦੇਣ ਦੁਨੀਆਂ ਨੂੰ, ਜ਼ੁਬਾਨਾਂ ਤੇ ਚੜ੍ਹੇ ਕਿੱਸੇ।
ਤਵੀ ਦੀ ਤਪਸ਼ ਦੇ ਉੱਤੇ, ਸ਼ਹੀਦਾਂ ਦੇ ਰੜ੍ਹੇ ਕਿੱਸੇ।

ਸਿਫਾਰਸ਼ ਹੈ ਤੇ ਰਿਸ਼ਵਤ ਵੀ, ਮਿਲ਼ੇ ਇਨਸਾਫ਼ ਕੀ ਇੱਥੇ,
ਅਦਾਲਤ ਸੱਚ ਮੰਨਦੀ ਹੈ, ਵਕੀਲਾਂ ਦੇ ਘੜੇ ਕਿੱਸੇ।

ਰਿਹਾ ਜੋ ਸੱਚ 'ਤੇ ਅੜਿਆ, ਬਣਾ ਕੇ ਕੇਸ ਉਹ ਫੜਿਆ,
ਘਰੋਂ ਸੀ ਲੋਕ ਲਹਿਰਾਂ ਦੇ, ਸਿਪਾਹੀਆਂ ਨੇ ਫੜ੍ਹੇ ਕਿੱਸੇ।

ਰਹੇ ਨਾ ਜੋ ਅਸੂਲਾਂ 'ਤੇ, ਫੜ੍ਹੇ ਨਾ ਜੋ ਕਾਨੂੰਨਾਂ ਨੇ,
ਘਿਰੇ ਜੋ ਘਪਲਿਆਂ ਅੰਦਰ, ਵਜ਼ੀਰਾਂ ਦੇ ਬੜੇ ਕਿੱਸੇ।

ਗ਼ੁਲਾਮੀ ਦਾ ਜ਼ਮਾਨਾ ਸੀ, ਸਲਾਖ਼ਾਂ ਸਨ, ਸਿਪਾਹੀ ਸਨ,
ਬਗ਼ਾਵਤ ਦੇ, ਸ਼ਹਾਦਤ ਦੇ, ਅਕਾਸ਼ਾਂ 'ਤੇ ਚੜ੍ਹੇ ਕਿੱਸੇ।

ਲਿਖੀ ਹੈ ਹੀਰ ਕਈਆਂ ਨੇ, ਨਾ ਚਮਕੇ ਨਾਮ ਸਭਨਾਂ ਦੇ,
ਹੈ ਉੱਤਮ ਹੀਰ ਵਾਰਸ ਦੀ, ਅਸੀਂ ਸਾਰੇ ਪੜ੍ਹੇ ਕਿੱਸੇ।

ਸੁਣੇ ਨਾ ਆਪ ਮਾਵਾਂ ਨੇ, ਪੜ੍ਹਾਏ ਨਾ ਸਲੇਬਸ ਵਿੱਚ,
'ਸਰਾਭੇ' ਤੇ 'ਸੁਤੰਤਰ' ਦੇ, ਕਿਵੇਂ ਜਾਂਦੇ ਪੜ੍ਹੇ ਕਿੱਸੇ।

✪

ਹਰ ਕਿਸੇ ਦੇ ਮਨ ’ਚ ਪਈਆਂ ਉਲਝਣਾਂ ਹਨ ਬੇਸ਼ੁਮਾਰ,
ਰਿਸ਼ਤਿਆਂ ਵਿੱਚ ਨਿੱਘ ਕਿੱਥੇ ਰਹਿਣ ਦਿੱਤਾ ਹੈ ਬਜ਼ਾਰ।

ਕਰਨਗੇ ਨਾ ਤਰਸ ਭੋਰਾ ਲੋਕ ਕੀਤੇ ਜੋ ਖ਼ੁਆਰ।
ਲਾਹੁਣਗੇ ਜਦ ਕਲਗੀਆਂ ਤੇ ਹੁਕਮਰਾਨੀ ਦਾ ਖ਼ੁਮਾਰ।

ਵਿੰਨ੍ਹ ਦਿੱਤਾ ਹੈ ਕਲ਼ੇਜਾ ਦੋਸਤਾਂ ਨਜ਼ਦੀਕੀਆਂ,
ਤੀਰ ਮਾਰੇ ਸਿੰਨ੍ਹ ਕੇ ਜੋ ਹੋ ਗਏ ਨੇ ਆਰ ਪਾਰ।

ਜ਼ਿੰਦਗੀ ਇਹ ਜਾਣ ਦੇਵੇ ਬਸਤਿਆਂ ਦੇ ਕੋਲ਼ ਨਾ,
ਏਸ ਨਗਰੀ ਬਾਲ ਉਮਰੇ ਫ਼ਿਕਰ ਹੁੰਦੇ ਨੇ ਉਡਾਰ।

ਸਫ਼ਰ ਦੇ ਵਿਚ ਇਸ ਤਰ੍ਹਾਂ ਦੇ ਆਉਣਗੇ ਸੌ ਇਮਤਿਹਾਨ,
ਫਸ ਗਿਆਂ ਮੰਝਧਾਰ ਵਿਚ ਜੇ ਹੌਂਸਲੇ ’ਤੇ ਹੋ ਸਵਾਰ।

ਹਰਿਕ ਫ਼ਨ ਵਿਚ ਤੂੰ ਮੁਹਾਰਤ ਪਾ ਸਕੇਂਗਾ ਨਾ ਕਦੇ,
ਕੋਲ਼ ਤੇਰੇ ਹੈ ਕਲਾ ਜੋ, ਏਸ ਨੂੰ ਹੀ ਲੈ ਨਿਖ਼ਾਰ।

ਅੱਜ ਟੱਟੂ ਤੋਂ ਤ੍ਰਹਿ ਕੇ ਤਰ ਪਸੀਨੇ ਨਾਲ ਹੈ,
ਸ਼ਖ਼ਸ ਅਪਣੇ ਆਪ ਨੂੰ ਜੋ ਆਖਦਾ ਸੀ ਸ਼ਾਹ ਸਵਾਰ।

ਮੁਫ਼ਤ ਵਿਚ ਹੀ ਭਾਲਦਾ ਹੈਂ ਤੂੰ ਮੁਹੱਬਤ ਦੋਸਤਾ,
ਏਸ ਮੰਡੀ ਲੋਕ ਕਰਦੇ ਨੇ ਮੁਹੱਬਤ ਦਾ ਵਪਾਰ।

ਮਰ ਗਿਆ ਉਹ, ਆਪਣੇ ਹੀ ਹੰਝੂਆਂ ਵਿੱਚ ਡੁੱਬ ਕੇ,
ਮਹਿਫਲਾਂ ਵਿੱਚ ਆਣ ਕੇ ਜੋ ਹਾਸੇ ਦਿੰਦਾ ਸੀ ਖਿਲਾਰ।

✪

ਢਾਲ ਦਿਆਂ ਝੱਟ ਸ਼ਿਅਰਾਂ ਅੰਦਰ, ਦਿੱਤੇ ਦਰਦ ਬਲਾਵਾਂ ਦੇ।
ਜਦ ਗੁਣੀਏਂ ਵਿੱਚ ਕਰਦਾਂ ਗ਼ਜ਼ਲਾਂ, ਭਾਅ ਦੀ ਬਣਦੀ ਭਾਵਾਂ ਦੇ।

ਭਾਂ ਭਾਂ ਕਰਦੇ ਘਰ ਨੂੰ ਭਰਿਆ, ਚਿੰਤਾ ਝੋਰੇ ਗ਼ਮੀਆਂ ਨੇ,
ਲਿੱਪੇ ਕੌਣ ਤਰੇੜੇ ਘਰ ਨੂੰ, ਪੈ ਗਏ ਫਰਕ ਭਰਾਵਾਂ ਦੇ।

ਕੀ ਲਿਖੀਏ ਕੀ ਹਾਲ ਅਸਾਡਾ, ਹਰ ਮੁਸ਼ਕਲ ਹੀ ਨੇੜ ਕਰੇ,
ਖੁਸ਼ੀਆਂ ਨੇ ਮੂੰਹ ਵੱਟੇ ਸਾਥੋਂ, ਮੂੰਹ ਲੱਥੇ ਹਨ ਚਾਵਾਂ ਦੇ।

ਭਰ ਜਾਂਦੇ ਹਨ ਜ਼ਖ਼ਮ ਜਿਸਮ ਦੇ, ਪੈ ਜਾਂਦੇ ਹਨ ਮੱਧਮ ਦਾਗ,
ਪਰ ਚੇਤੇ ਦੁੱਖ ਦਿੰਦੇ ਰਹਿੰਦੇ, ਘਟ ਚੁਕੀਆਂ ਘਟਨਾਵਾਂ ਦੇ।

ਇਕ ਪਤਝੜ ਹੀ ਖੜਸੁਕ ਕਰਦੀ, ਹਰੇ ਭਰੇ ਸਭ ਰੁੱਖਾਂ ਨੂੰ,
ਖ਼ਬਰੇ ਜ਼ਖ਼ਮ ਹਰੇ ਕਿਉਂ ਰਹਿੰਦੇ, ਪੁਸ਼ਤ ਪੁਰਾਣੇ ਘਾਵਾਂ ਦੇ।

ਡੇਗ ਸਕੀ ਨਾ ਆਫ਼ਤ ਕੋਈ, ਝੁੰਡ ਬਣਾਇਆ ਰੁੱਖਾਂ ਨੇ,
ਤਾਣ ਲਗਾ ਕੇ ਝੱਖੜ ਹੰਭੇ, ਉੱਡੇ ਹੋਸ਼ ਹਵਾਵਾਂ ਦੇ।

ਏਸ ਮੁਲਕ ’ਤੇ ਮਾਣ ਕਰੇ ਕੀ, ਕਿਸ ਮਿੱਟੀ ਦਾ ਮੋਹ ਪਾਲ਼ੇ,
ਜਿਸ ਬੰਦੇ ਨੂੰ ਰਿਜ਼ਕ ਪਿਆਉਂਦਾ, ਪਾਣੀ ਥਾਂਵਾਂ ਥਾਂਵਾਂ ਦੇ।

✪

ਬੇਸ਼ਕ ਹੈ ਤਾਂ ਬਾਲਣ ਹੀ ਇਹ, ਪਰ ਨਾ ਸਕੀਏ ਬਾਲ਼।
ਮੋਈ ਮਾਂ ਦੀ ਯਾਦ ਜੁੜੀ ਹੈ, ਟੁੱਟੇ ਚਰਖੇ ਨਾਲ਼।

ਹੋਰ ਕਿਸੇ ਨੇ ਭੇਦ ਨਾ ਦੇਣਾ, ਖ਼ੁਦ ਕਰੀਏ ਪੜਤਾਲ਼।
ਹਾਲੇ ਕਿੰਨਾ ਚਿਰ ਰਹਿਣੀ ਹੈ, ਹਾਸੇ ਦੀ ਹੜਤਾਲ਼।

ਸਿਰ ਉੱਤੇ ਤੂਫਾਨ ਰਹਿਣਗੇ, ਪੈਰਾਂ ਹੇਠ ਭੁਚਾਲ਼।
ਏਸੇ ਸੂਰਤ ਸੁਰਬਧ ਕਰਨੇ, ਜੀਵਨ ਦੇ ਸੁਰਤਾਲ।

ਨਾ ਕਿੱਲੇ ਤੇ ਝੋਟੀ ਛੱਡੇ, ਨਾ ਕੰਨਾਂ ਵਿੱਚ ਤੁੰਗਲ਼,
ਸ਼ੋਰ ਦਏ ਖਿਤੇ ਵੀ ਖੇਤੀ, ਕਰਜ਼ ਵਧੇ ਹਰ ਸਾਲ।

ਭੋਰਾ ਧੁੱਪ ਸਹੇ ਨਾ ਜਿਹੜਾ, ਉਹ ਭੋਗੇ ਮੰਦਹਾਲੀ,
ਰੜਕ ਮੜਕ ਜਦ ਸਿਰ ਨਾ ਚੁੱਕੇ, ਕੌਣ ਕਰੇ ਖ਼ੁਸ਼ਹਾਲ।

ਸਰੂਆਂ ਵਰਗੇ ਯਾਰ ਹੋਣ ਨਾ, ਜਿਸ ਦੇ ਅੱਗੇ ਪਿੱਛੇ,
ਲਿਫ ਜਾਂਦਾ ਉਹ ਹਰ ਇੱਕ ਅੱਗੇ, ਡਿਗਦਾ ਝੱਟ ਚੌਫ਼ਾਲ।

ਇਸ ਢਾਂਚੇ ਵਿੱਚ ਕਿਸ ਅਪਨਾਉਣੀ, ਏਸ ਤਰ੍ਹਾਂ ਦੀ ਨੀਤੀ,
ਜੋ ਰਾਠਾਂ ਨੂੰ ਥਾਂ ਸਿਰ ਕਰਕੇ, ਸਭ ਨੂੰ ਕਰੇ ਨਿਹਾਲ।

✪

ਲਗਾਈ ਧਰਮ ਨੇ ਤੀਲੀ, ਸਿਆਸਤ ਨੇ ਹਵਾ ਦਿੱਤੀ।
ਜਲਾ ਕੇ ਚਹਿਕਦੀ ਬਸਤੀ, ਸਿੰਘਾਸਣ ਨੂੰ ਗਿਜ਼ਾ ਦਿੱਤੀ।

ਹਨੇਰੇ ਦੀ ਹਕੂਮਤ ਹੈ, ਚਲਾਕਾਂ ਨੂੰ ਸਹੂਲਤ ਹੈ,
ਆਸਾਡੀ ਸੌ ਜ਼ਰੂਰਤ ਹੈ, ਉਨ੍ਹਾਂ ਗੱਲ ਹੀ ਭੁਲਾ ਦਿੱਤੀ।

ਅਸੀਂ ਇਹ ਜੂਨ ਜੋ ਕੱਟੀ, ਭਰੀ ਹੈ ਉਮਰ ਭਰ ਚੱਟੀ,
ਖਿਜ਼ਾਂ ਨੇ ਧਰਤ ਕੀ ਚੱਟੀ, ਇਹ ਰੱਕੜ ਹੀ ਬਣਾ ਦਿੱਤੀ।

ਛਿੜੇ ਹੀ ਰਹਿਣ ਜੋ ਦੰਗੇ, ਇਹ ਲੱਗਣ ਮੁਕਟ ਨੂੰ ਚੰਗੇ,
ਵਿਖਾ ਕੇ ਸੱਚ ਨੂੰ ਫੰਦੇ, ਨਿਆਂ ਦੀ ਜੜ ਸੁਕਾ ਦਿੱਤੀ।

ਮਿਲੇ ਜੋ ਖਾਣ ਨੂੰ ਤੁੱਕੇ, ਨੇ ਉਹ ਵੀ ਤੋਤਿਆਂ ਟੁੱਕੇ,
ਰਹੇ ਨੇ ਸੰਘ ਵੀ ਸੁੱਕੇ, ਇਹ ਕਿਸ ਨੇ ਬਦਦੁਆ ਦਿੱਤੀ।

ਗੁਲਾਮੀ ਪੁਰਖਿਆਂ ਭੋਗੀ, ਬਚੇ ਨਾ ਬੱਚਿਆਂ ਜੋਗੀ,
ਮੁਕਾਈਏ ਰੁੱਤ ਇਹ ਸੋਗੀ, ਇਹ ਹਾਲਤ ਜਿਸ ਬਣਾ ਦਿੱਤੀ।

ਸਮੁੰਦਰ ਵੱਲ ਨੂੰ ਚੱਲੀ, ਥਲਾਂ ਨੂੰ ਘੂਰ ਕੇ ਲੰਘੀ,
ਚਿੜੀ ਨੇ ਘੁੱਟ ਜੇ ਮੰਗੀ, ਨਦੀ ਨੇ ਨਾਂਹ ਸੁਣਾ ਦਿੱਤੀ।

✪

ਰਾਤ ਪਏ ਤਾਂ ਸੁਪਨੇ ਜਾਗਣ ਜਾਗੇ ਦਰਦ ਲੋਕਾਈ ਦਾ।
ਦਿਨ ਚੜ੍ਹਦੇ ਹੀ ਦੋਵੇਂ ਸੌਂਦੇ ਜਾਗੇ ਫ਼ਿਕਰ ਕਮਾਈ ਦਾ।

ਦੁਨੀਆਂ ਭਰ ਦੀ ਚਿੰਤਾ ਕਰੀਏ ਝੰਬੇ ਦੁਨੀਆਂਦਾਰੀ ਵੀ,
ਚੁੱਲ੍ਹੇ ਤਪਦੇ ਵੀ ਰਖਦੇ ਹਾਂ ਮੌਸਮ ਵੀ ਗਰਮਾਈਦਾ।

ਪੀੜ ਮੇਰੀ ਦੇ ਬੂਹੇ ਅੱਗੇ ਮੇਲਾ ਲੱਗਾ ਸਖੀਆਂ ਦਾ,
ਇਕ ਅੱਧ ਹੁੰਦੀ ਤਾਂ ਚੁੱਪ ਰਹਿੰਦੇ ਹੁਣ ਤਾਂ ਢੋਲ ਵਜਾਈਦਾ।

ਪੌਣਾਂ ਨਾਲ ਯਰਾਨਾ ਪਾ ਕੇ ਜੋ ਗਾਹ ਆਵੇ ਅੰਬਰ ਵੀ,
ਪੈਰਾਂ ਹੇਠਾਂ ਰੁਲਦਾ ਰੇਤਾ ਚੁੱਕ ਮੱਥੇ ਨੂੰ ਲਾਈਦਾ।

ਖ਼ਬਰੇ ਕੋਈ ਨੇਕ ਫ਼ਰਿਸ਼ਤਾ ਆਣ ਜਗਾਵੇ ਇਹਨਾਂ ਨੂੰ,
ਮਰ ਮੁੱਕ ਚੁਕੀਆਂ ਰੀਝਾਂ ਨੂੰ ਵੀ, ਛੇਤੀ ਨਈਂ ਦਫ਼ਨਾਈਦਾ।

ਸੁਪਨਾ ਟੁੱਟਣ ਤੇ ਜੋ ਟੁੱਟੇ ਉਸ ਦਾ ਕੋਈ ਬੇਲੀ ਨਾ,
ਟੁੱਟਿਆ ਬੰਦਾ ਬਣ ਜਾਂਦਾ ਹੈ, ਕਾਰਨ ਜੱਗ ਹਸਾਈ ਦਾ।

✪

ਚਿੱਘੀ ਲਾ ਕੇ ਪੀ ਗਿਆ, ਸਾਡਾ ਸਾਵਣ ਕੌਣ।
ਤਿਪ ਤਿਪ ਰੱਤ ਨਿਚੋੜ ਕੇ, ਭਿੱਜ ਸਕੇ ਨਾ ਤੌਣ।

ਸਿੰਜੇ ਮੁੜ੍ਹਕੇ ਨਾਲ਼ ਸਨ, ਹਰੇ ਭਰੇ ਸਨ ਖੇਤ,
ਲੈ ਗਏ ਬੋਹਲ ਉਧਾਲ਼ ਕੇ, ਏਸ ਨਗਰ ਦੇ ਰੌਣ।

ਸਦਕੇ ਜਾਵਾਂ ਸਿਦਕ ਦੇ, ਜਿਸ ਨਾ ਬਦਲੀ ਚਾਲ,
ਸਿਰ 'ਤੇ ਤਪਦਾ ਹਾੜ ਹੈ, ਪੈਰਾਂ ਥੱਲੇ ਭੌਣ।

ਪਹਿਨੇ ਹੁਣ ਤਾਂ ਕੈਪਰੀ, ਏਸ ਨਗਰ ਦੀ ਨਾਰ,
ਸ਼ਰਮ 'ਚ ਡੁੱਬੇ ਘੱਗਰਾ, ਪਰ ਨਾ ਭਿੱਜੇ ਲੌਣ।

ਨਾ ਖਿੜਕੀ ਨਾ ਖਿੜਕ ਹੈ, ਹੰਝੂ ਕੇਰੇ ਟੱਪ,
ਹੈ ਮੁਕਲਾਈ ਸੇਜ 'ਤੇ, ਹੇਠਾਂ ਲਮਕੇ ਦੌਣ।

ਥੱਕੇ ਟੁੱਟੇ ਜਿਸਮ ਨੂੰ, ਦੇਵਾਂ ਕਿਵੇਂ ਅਰਾਮ,
ਨੱਪੇ ਧੌਣ ਉਨੀਂਦਰਾ, ਪੇਟ ਨਾ ਦੇਵੇ ਸੌਣ।

ਵਟ ਵਟ ਰੱਖਾਂ ਬੱਤੀਆਂ, ਪਾਵਾਂ ਪਲ਼ੀਆਂ ਤੇਲ,
ਦੀਵਾ ਜਗਦਾ ਵੇਖ ਕੇ, ਖਵ੍ਹੀਆਂ ਖਾਵੇ ਪੌਣ।

✪

ਮਸਲ਼ੇ ਘਰ ਦੇ ਮਸਲੇ ਲੈ ਕੇ ਮਤਲਾ ਹਾਜ਼ਰ ਹੈ।
ਕਿੱਥੇ ਕਿੱਥੇ ਚਿੱਬ ਪਏ ਹਨ ਨਕਸ਼ਾ ਹਾਜ਼ਰ ਹੈ।

ਦੁਨੀਆਂ ਦੀ ਹਰ ਦਾਤ ਦਬੋਚੀ ਦਾਤੇ ਲੋਕਾਂ ਨੇ,
ਦੱਬੇ ਦੁਬਕੇ ਨੂੰ ਦੱਬਣ ਲਈ ਦਬਕਾ ਹਾਜ਼ਰ ਹੈ।

ਕੀ ਅਫ਼ਸਰ ਤੇ ਕੀ ਨੇਤਾਗਣ, ਸਭ ਦੇ ਖੇਸ ਵਿਛੇ,
ਸਭ ਦੇ ਐਬਾਂ ਤੇ ਸਰਕਾਰੀ ਪਰਦਾ ਹਾਜ਼ਰ ਹੈ।

ਜੇਕਰ ਕੌੜ ਕੁੱੜਤਣ ਹੈ ਤਾਂ ਦੋਵੇਂ ਹੱਥ ਖੜ੍ਹੇ,
ਜੇ ਹੈ ਖੀਰ ਬਦਾਮਾਂ ਵਾਲ਼ੀ ਚਮਚਾ ਹਾਜ਼ਰ ਹੈ।

ਸੁਪਨੇ ਵਿਚ ਵੀ ਨਜ਼ਰ ਨਾ ਆਈਆਂ, ਸੁਖ ਸਹੂਲਤਾਂ ਉਹ,
ਢੋਲ ਢਮੱਕੇ ਨਾਲ਼ ਜਿਨ੍ਹਾਂ ਦਾ ਵਜਕਾ ਹਾਜ਼ਰ ਹੈ।

ਭੁੱਖੀ ਰੰਭਦੀ ਗਊ ਮਾਤਾ ਦੀ ਖਾਲੀ ਖੁਰਲੀ ਵਿੱਚ,
ਚਾਰਾ ਚਰਦੇ ਚਰਵਾਹੇ ਦਾ ਚਰਚਾ ਹਾਜ਼ਰ ਹੈ।

ਦਿਨ ਫੇਰੇਗੀ ਇਸ ਨਗਰੀ ਦੇ ਮਾਨਵ ਮਾਲ਼ਾ ਹੀ,
ਵਕਤ ਬਣਾਏਗਾ ਮਾਲ਼ਾ ਵੀ ਮਣਕਾ ਹਾਜ਼ਰ ਹੈ।

ਉਸ ਪੋਥੀ ਦੇ ਪਾਠੀ ਖੁੰਝੇ ਫਿਰਦੇ ਅਮਲਾਂ ਤੋਂ,
ਜਿਸ ਪੋਥੀ ਵਿਚ ਯੁੱਗ ਪਲਟਣ ਦਾ ਨੁਸਖਾ ਹਾਜ਼ਰ ਹੈ।

✪

ਸਾਡੇ ਰਾਹਾਂ ਵਿਚ ਜੋ ਪੱਥਰ, ਮੀਹਾਂ ਵਿਚ ਨਾ ਖਰਨੇ।
ਮਾਰ ਮਾਰ ਕੇ ਠੇਡੇ ਆਪਾਂ, ਖ਼ੁਦ ਹੀ ਰੇਤਾ ਕਰਨੇ।

ਬਣਦੇ ਸਨ ਅੰਬਰ ਦੇ ਥਮਲੇ ਬੁੱਤ ਜੋ ਕੱਦਾਂ ਵਾਲ਼ੇ,
ਬਿੰਦ ਖੜ੍ਹੇ ਨਾ ਝੱਖੜ ਅੱਗੇ, ਡਿੱਗ ਪਏ ਸਿਰ ਪਰਨੇ।

ਪੈਣ ਆਫ਼ਤਾਂ ਅੰਬਰ 'ਚੋਂ ਵੀ, ਕਦੇ ਆਉਣ ਸਰਕਾਰੀ,
ਕਿਸ ਕਿਸ ਤੋਂ ਇਹ ਫ਼ਸਲ ਬਚਾਉਂਦੇ, ਖੇਤ 'ਚ ਗੱਡੇ ਡਰਨੇ।

ਰੱਖੇ ਅੱਖ ਕਿਨਾਰੇ 'ਤੇ ਉਹ, ਹਿੱਕ 'ਤੇ ਕਰੇ ਭਰੋਸਾ,
ਨਾ ਵੇਖੇ ਮੰਝਧਾਰ ਜਾਂ ਮੌਸਮ, ਜਿਸ ਸ਼ਹੁ ਸਾਗਰ ਤਰਨੇ।

ਘਾਗ ਬਣਾ ਕੇ ਉੱਲੂ ਸਾਨੂੰ, ਕਰਦੇ ਉੱਲੂ ਸਿੱਧਾ,
ਵਾਰੋ ਵਾਰੀ ਜਿੱਤਣ ਹਾਰਨ, ਦੁੱਖ ਇਨ੍ਹਾਂ ਕੀ ਹਰਨੇ।

ਸਾਂਝਾ ਸਭਿਆਚਾਰ ਇਨ੍ਹਾਂ ਦਾ, ਇੱਕੋ ਭਾਈਚਾਰਾ,
ਮਰਨੇ ਵਰਗੇ ਵਿਆਹ ਕਰਦੇ ਕੁੱਝ, ਕੁੱਝ ਵਿਆਹ ਜਿਹੇ ਮਰਨੇ।

ਮਨ ਦੀ ਹਾਂਡੀ ਵਿਚ ਜੋ ਰਿਝਦੇ, ਰਹਿਣ ਉਬਾਲ਼ੇ ਖਾਂਦੇ,
ਇਕ ਵਾਰੀ ਜੇ ਫੁੱਟ ਪਏ ਤਾਂ, ਫਿਰ ਨਾ ਲਾਵੇ ਠਰਨੇ।

✪

ਰਾਤ ਭਰ ਜੋ ਦਿਲ ਜਲਾ ਕੇ ਪਹੁ-ਫੁਟਾਲੇ ਦੇਣਗੇ।
ਲੋਕ ਉਨ੍ਹਾਂ ਦੇ ਸਿਰਾਂ ਨੂੰ ਹੀ ਦੁਮਾਲੇ ਦੇਣਗੇ।

ਇਸ ਤਰ੍ਹਾਂ ਵਰਤਾਉਣਗੇ ਹੁਣ ਨੀਰ ਥਲ ਦੇ ਮਾਛਕੀ,
ਹੋਠ ਸੁੱਕੇ ਰੱਖ ਕੇ ਤਲ਼ੀਆਂ ਨੂੰ ਛਾਲੇ ਦੇਣਗੇ।

ਆਸ ਤਾਂ ਸੀ ਨਿਹਮਤਾਂ ਦੇ ਲਾਉਣਗੇ ਅੰਬਾਰ ਉਹ,
ਕੀ ਪਤਾ ਸੀ ਰਹਿਨੁਮਾ ਕੇਵਲ ਘੁਟਾਲੇ ਦੇਣਗੇ।

ਸੇਧ ਮਾਪੇ ਦੇਣਗੇ ਕਿੰਝ ਭਟਕਦੀ ਔਲਾਦ ਨੂੰ,
ਕੌਣ ਮਾਡਲ ਰਹਿ ਗਿਆ ਕਿਸ ਦੇ ਹਵਾਲੇ ਦੇਣਗੇ।

ਪਾ ਸਕੇ ਨਾ ਕਫ਼ਨ ਮਾਂ ’ਤੇ ਸਨ ਰੁਝੇਵੇਂ ਹੋਰ ਵੀ,
ਭੋਗ ਵੇਲ਼ੇ ਉਹ ਗਰੰਥਾਂ ’ਤੇ ਦੁਸ਼ਾਲੇ ਦੇਣਗੇ।

ਝੁੱਗੀਆਂ ਵਿੱਚ ਰੌਸ਼ਨੀ ਕੀ ਕਰਨਗੇ ਇਹ ਰਹਿਨੁਮਾ,
ਰੌਸ਼ਨੀ ਜਦ ਮਹਿਲ ਦੇ ਹੀ ਕਰ ਹਵਾਲੇ ਦੇਣਗੇ।

ਕਰਨਗੇ ਫ਼ਰਮਾਨ ਸ਼ਾਹੀ ਕਹਿਰ ਇਹ ਵੀ ਪਿੰਡ ’ਤੇ,
ਚੂਥੀਆਂ ਵਿਚ ਹੱਥ ਤੇ ਹੋਠਾਂ ਨੂੰ ਤਾਲੇ ਦੇਣਗੇ।

✪

ਧੂੜ ਸਮੇਂ ਦੀ ਕਰਦੀ ਨਾ ਗੁੰਮਨਾਮ ਅਸਾਂ ਨੂੰ।
ਹੋ ਜਾਂਦਾ ਜੇ ਹੋਣੀ ਦਾ ਇਲਹਾਮ ਅਸਾਂ ਨੂੰ।

ਕੀ ਦੇਣਾ ਸੀ ਇਸ ਰਾਵਣ ਜਾਂ ਰਾਮ ਅਸਾਂ ਨੂੰ।
ਜਦ ਵੀ ਦਿੱਤੀ ਜ਼ਿੱਲਤ ਦਿੱਤੀ ਆਮ ਅਸਾਂ ਨੂੰ।

ਭੁੱਲ ਗਿਆ ਕਿਉਂ ਰੀਝਾਂ ਦਾ ਕਤਲਾਮ ਅਸਾਂ ਨੂੰ।
ਛੇੜ ਰਿਹਾ ਏ ਦਿਲ ਵਿਚਲਾ ਕੁਹਰਾਮ ਅਸਾਂ ਨੂੰ।

ਦਿਨ ਚੜ੍ਹਦੇ ਤਕ ਚੰਦ ਚੜ੍ਹਾਉਂਦੇ ਹੀ ਫਿਰਨਾ ਸੀ,
ਸੌਂਪ ਗਈ ਜਦ ਜਾਮ ਸੁਰਾਹੀ ਸ਼ਾਮ ਅਸਾਂ ਨੂੰ।

ਮਮਤਾ ਦਾ ਮੀਂਹ ਅਸਰ ਕਰੇ ਨਾ ਦਿਲ ਮਰਮਰ ’ਤੇ,
ਜਦ ਮਾਵਾਂਤੋਂ ਮਿੱਠੇ ਲੱਗਣ ਦਾਮ ਅਸਾਂ ਨੂੰ।

ਏਸ ਨਗਰ ਵਿੱਚ ਦਮ ਘੁਟਦਾ ਏ ਹੁਣ ਉਹਨਾਂ ਦਾ,
ਰਿਸ਼ੀਆਂ ਮੁਨੀਆਂ ਜੋ ਦਿੱਤੇ ਪੈਗ਼ਾਮ ਅਸਾਂ ਨੂੰ।

ਪੋਲੇ ਪੈਰੀਂ ਪੈਰ ਧਰਨ ਨੂੰ ਥਾਂ ਮਿਲਦੀ ਨਾ,
ਲੜਨੀ ਪੈਣੀ ਉਮਰਾਂ ਲੰਮੀ ਲਾਮ ਅਸਾਂ ਨੂੰ।

✪

ਸ਼ੋਰ ਦੇਣ ਨਾ ਖਾਰੇ ਹੰਝੂ, ਸਾਂਭ ਸੁਨਹਿਰੀ ਖ਼ਾਬ।
ਖ਼ਾਬ ਖ਼ਿੜੇ ਤੋਂ ਹੀ ਗੁਲਸ਼ਨ ਵਿੱਚ, ਖ਼ਿੜਨੇ ਸੁਰਖ਼ ਗੁਲਾਬ।

ਕੀ ਦੇਵੇਗਾ ਜੀਵਨ ਉਹ ਜਲ, ਜਾਨ ਲਬਾਂ ਤੇ ਜਿਸ ਦੀ,
ਸਾਹ ਸਤ ਮੁੱਕੇ ਸਤਲੁਜ ਦੇ ਵੀ, ਫਕਦੈ ਰੇਤ ਚਨਾਬ।

ਚਾਰਾਗਰ ਕੀ ਚਾਰਾ ਕਰਦੇ, ਰੋਗ ਅਵੱਲੇ ਲੱਗੇ,
ਪੁੱਠ ਜ਼ਹਿਰ ਦੀ ਹਰ ਸ਼ੈਅ ਨੂੰ ਹੀ, ਪਾਉਂਦਾ ਵੈਣ ਪੰਜਾਬ।

ਕਿੱਦਾਂ ਖੰਭ ਖਿਲਾਰਨ ਪੰਛੀ, ਡਰਦੇ ਸਾਹ ਨਾ ਭਰਦੇ,
ਜਦ ਉਹਨਾਂ ਦੇ ਆਲ੍ਹਣਿਆ ’ਤੇ, ਉਡਦੇ ਫਿਰਨ ਉਕਾਬ।

ਕੱਟੀ ਜਾਨੈਂ ਸਿਰ ਤੇ ਬਣੀਆਂ, ਪਰ ਤੂੰ ਸਿਰ ਨਾ ਚੁੱਕੇਂ,
ਤੂੰ ਪੁਸ਼ਤਾਂ ਤੋਂ ਸਿਤਮ ਸਹੇ ਦਾ, ਲੈਣਾ ਕਦੋਂ ਹਿਸਾਬ।

ਕਿਉਂ ਨਾ ਉਸ ਦੇ ਚਿਹਰੇ ਉੱਤੇ, ਖੇੜਾ ਪੈਲਾਂ ਪਾਵੇ,
ਲਾਲਪਰੀ ਨੇ ਝਪਟ ਲਿਆ ਜਦ, ਪੰਜੇ ਵਿੱਚ ਪੰਜਾਬ।

ਛਪਣ ਵਿਕਣ ਦੇ ਚਾਅ ਗਸ਼ ਖਾਂਦੇ, ਸ਼ਾਇਰ ਕਰੇ ਸਿਰ ਨੀਵਾਂ,
ਜਦ ਵੇਖੇ ਅਣਖੋਲ੍ਹੀ ਤੁਲਦੀ, ਵੰਡੀ ਮੁਫ਼ਤ ਕਿਤਾਬ।

✪

ਬਹਾਨਾ ਲੋਕ ਸੇਵਾ ਹੈ, ਸਿਆਸਤ ਹੁਣ ਤਜਾਰਤ ਹੈ।
ਧੜੱਲੇਦਾਰ ਨੇਤਾ ਦੀ, ਘੁਟਾਲਾ ਹੀ ਸ਼ਨਾਖ਼ਤ ਹੈ।

ਉਨ੍ਹਾਂ ਨੇ ਅੱਤ ਹੈ ਚੁੱਕੀ, ਅਸੀਂ ਪਰ ਅੱਖ ਨਾ ਪੁੱਟੀ,
ਉਨ੍ਹਾਂ ਇਹ ਬੁਜ਼ਦਿਲੀ ਸਮਝੀ, ਇਹ ਸਾਡੀ ਜੋ ਸ਼ਰਾਫ਼ਤ ਹੈ।

ਹਮੇਸ਼ਾ ਤਾੜ ਕੇ ਰੱਖੇ, ਤੇ ਸਾਨੂੰ ਪਾੜ ਕੇ ਰੱਖੇ,
ਪੁਆੜੇ ਪਾਉਣ ਦੀ ਕਿੰਨੀ, ਹਕੂਮਤ ਨੂੰ ਮੁਹਾਰਤ ਹੈ।

ਪਿਆਸੇ ਭਟਕਦੇ ਰਹਿਣੇ, ਥਲਾਂ ਨੇ ਫੈਲਦੇ ਜਾਣਾ,
ਨਦੀ ਦਾ ਨੀਰ ਜਦ ਤੀਕਰ, ਸਮੁੰਦਰ ਦੀ ਅਮਾਨਤ ਹੈ।

ਡਰਾਵੇ ਰੋਕ ਨਾ ਸਕਦੇ, ਨਾ ਬੰਨ੍ਹਣ ਬੰਦਸ਼ਾਂ ਸਾਨੂੰ,
ਉਠਾਏ ਜਾਣਗੇ ਮੁੱਦੇ, ਜਦੋਂ ਤਕ ਸਿਰ ਸਲਾਮਤ ਹੈ।

ਹਨੇਰਾ ਹੂੰਝਣਾ ਜੇਕਰ, ਮਨਾਂ 'ਚੋ ਖੌਫ਼ ਨੂੰ ਹੂੰਝੋ,
ਅਵਾਜ਼ਾਂ ਮਾਰਦੈ ਮਕਤਲ, ਤੁਰੇ ਆਓ ਸੁਆਗਤ ਹੈ।

ਅਖੌਤੀ ਰਹਿਬਰਾਂ ਕੋਲੋਂ, ਅਸੀਂ ਹੁਣ ਸੇਧ ਨਾ ਲੈਣੀ,
ਅਸਾਡੀ ਰਾਹ ਦਸੇਰਾ ਜਦ, ਸਰਾਭੇ ਦੀ ਸ਼ਹਾਦਤ ਹੈ।

✪

ਇਸ ਅੰਬਰ ਨੇ ਇਹ ਕੀ ਕਾਰਾ ਕਰ ਦਿੱਤਾ।
ਹਰ ਅੱਖ ਅੰਦਰ ਇੱਕ ਸਮੁੰਦਰ ਭਰ ਦਿੱਤਾ।

ਸਾਡੀਆਂ ਸਧਰਾਂ ਨੂੰ ਉਸ ਨਿੱਸਲ ਕਰ ਦਿੱਤਾ।
ਤਾਜ ਤਖ਼ਤ ਦਾ ਜਿਸ ਨੂੰ ਆਪਾਂ ਵਰ ਦਿੱਤਾ।

ਸਾਡਾ ਘਰ ਤਾਂ ਪੁੱਟ ਕੇ ਨੀਵਾਂ ਕਰ ਦਿੱਤਾ।
ਹੂੰਝ ਕੇ ਸਭ ਕੁਝ ਪਰ ਪਰਬਤ ’ਤੇ ਧਰ ਦਿੱਤਾ।

ਗੱਲਾਂ ਨਾਲ ਉਸ ਪੇਟ ਅਸਾਡਾ ਭਰ ਦਿੱਤਾ।
ਗੱਲਾਂ ਮਾਰਨ ਜੋਗਾ ਜਿਸ ਨੂੰ ਕਰ ਦਿੱਤਾ।

ਦਿਲ ਦਰਿਆ ਨੇ ਬੇਸ਼ਕ ਭੀੜਾ ਘਰ ਦਿੱਤਾ।
ਚੋਰਾਂ ਖਾਤਰ ਇਸ ਵਿਚ ਖੁੱਲ੍ਹਾ ਦਰ ਦਿੱਤਾ।

ਇਸ ਵੇਲੇ ਜੇ ਇਕ ਅੱਧ ਹਉਕਾ ਭਰ ਦਿੱਤਾ।
ਸਮਝਣ ਨਾ ਇਹ ਯਾਰ ਕਿ ਸਭ ਕੁੱਝ ਹਰ ਦਿੱਤਾ।

ਜਾਗੋ! ਹੁਣ ਤਾਂ ਜੀਣਾ ਦੁੱਭਰ ਕਰ ਦਿੱਤਾ।
ਉੱਪਰ ਵੇਖੋ! ਗਿਰਝਾਂ ਅੰਬਰ ਭਰ ਦਿੱਤਾ।

✪

ਨਿਭਾ ਕੇ ਫ਼ਰਜ਼ ਉਹ ਸਾਰੇ, ਮਸਾਂ ਹੈ ਸੁਰਖ਼ਰੂ ਹੋਇਆ।
ਕਦੇ ਸੀ ਸ਼ਾਨ ਇਸ ਘਰ ਦੀ, ਪਿਤਾ ਹੁਣ ਫਾਲਤੂ ਹੋਇਆ।

ਸਿਆਸਤ ਏਸ ਨਗਰੀ ਦੀ, ਕਿਵੇਂ ਹੈ ਪਲਟਦੀ ਪਾਸਾ,
ਰਿਹਾ ਜੋ ਅੱਖ ਵਿਚ ਚੁਭਦਾ, ਉਹ ਕੰਡਾ ਸੁਰਮੁਚੂ ਹੋਇਆ।

ਦਬਾ ਕੇ ਪੀੜ ਜਦ ਰੱਖੀ, ਦਵਾ ਕਿਸ ਦੇਣ ਆਉਣਾ ਸੀ,
ਦਿਲਾਂ ਵਿਚ ਰਿੱਝਿਆ ਬੇਸ਼ਕ, ਗਿਲਾ ਨਾ ਗੁਫ਼ਤਗੂ ਹੋਇਆ।

ਦਿਲੋਂ ਹੁਣ ਕੌਣ ਮਿਲਦਾ ਹੈ, ਹਿਲਾਉਂਦੇ ਹੱਥ ਵੀ ਦੂਰੋਂ,
ਮਿਲ਼ੇ ਕੀ ਨਿੱਘ ਹੁਣ ਮਿਲ਼ ਕੇ, ਹੈ ਚਿੱਟਾ ਜਦ ਲਹੂ ਹੋਇਆ।

ਕੁਸੈਲ਼ੇ ਬੋਲ ਕਹਿ ਕਹਿ ਕੇ, ਲਗਾਇਆ ਲੂਣ ਜ਼ਖ਼ਮਾਂ 'ਤੇ,
ਤੁਸਾਂ ਜੋ ਚਾਕ ਕੀਤਾ ਹੈ, ਕਦੋਂ ਇਹ ਦਿਲ ਰਫ਼ੂ ਹੋਇਆ।

ਨਹੀਂ ਉਹ ਸੁਧਰਿਆ ਭੋਰਾ, ਚਿਤਾਰੇ ਨੁਕਸ ਯਾਰਾਂ ਨੇ,
ਸਦਾ ਫਿਟਕਾਰਿਆ ਰੂਹ ਨੇ, ਜਦੋਂ ਵੀ ਰੂਬਰੂ ਹੋਇਆ।

ਬੜੀ ਹੈਰਾਨ ਹੈ ਨਗਰੀ, ਕਿਵੇਂ ਉਹ ਬਦਲਿਆ ਏਨਾ,
ਰਿਹਾ ਖ਼ੂੰਖਾਰ ਜੋ ਗੁੰਡਾ, ਕਿਵੇਂ ਹੁਣ ਪਾਲਤੂ ਹੋਇਆ।

ਹੁਣੇ ਹੀ ਰੋਕ ਲੈ ਇਸ ਨੂੰ, ਉਡੀਕੀਂ ਸਿਖ਼ਰ ਨਾ ਇਸ ਦਾ,
ਵਿਖਾਊ ਨਰਕ ਇਹ ਤੈਨੂੰ, ਤਮਾਸ਼ਾ ਜੋ ਸ਼ੁਰੂ ਹੋਇਆ।

✪

ਰਾਜ ਸਤਾ 'ਤੇ ਕਾਬਜ਼ ਹੋਏ, ਜਿਸ 'ਗੁਰਮੁਖ' ਦੀ ਚਰਚਾ ਹੈ।
ਉਸ ਦੇ ਚਮਚੇ ਕਹਿਣ ਗੁਰੂ ਦੀ, ਪਰ ਗੋਲ਼ਕ ਦੀ ਕਿਰਪਾ ਹੈ।

ਜਿਸ ਦੇ ਸਿਰ 'ਤੇ ਜ਼ਿੰਮੇਵਾਰੀ, ਹਰ ਫਿਰਕੇ ਦੇ ਹਿੱਤਾਂ ਦੀ,
ਉਸ ਦੀ ਸ਼ਹਿ 'ਤੇ ਅੱਗ ਭੜਕਾਉਂਦਾ, ਉਸ ਦਾ ਅਪਣਾ ਫਿਰਕਾ ਹੈ।

ਉਸ ਦੇ ਮਸਲੇ ਲਟਕੇ ਰਹਿਣੇ, ਜਿਸ ਦੇ ਮੂੰਹ ਵਿਚ ਬੋਲ ਨਹੀਂ,
ਉੱਚਾ ਸੁਣਦੈ ਨੇਤਾ ਜੀ ਨੂੰ, ਸੁਣਦਾ ਖੜਕਾ ਦੜਕਾ ਹੈ।

ਸਾਡੇ ਨਾਸੀਂ ਧੂਆਂ ਦੇਵੇ, ਸ਼ਹਿਰ 'ਚ ਭੜਕਣ ਭਾਂਬੜ ਵੀ,
ਜਦੋਂ ਸਿਆਸਤ ਨੂੰ ਲੱਗ ਜਾਂਦਾ, ਕਿਸੇ ਧਰਮ ਦਾ ਤੜਕਾ ਹੈ।

'ਚੰਗੀ' ਸੀਟ ਮਿਲ਼ੀ ਹੈ ਜਦ ਤੋਂ, ਦਫ਼ਤਰ ਵਿਚ ਇਸ ਬਾਬੂ ਨੂੰ,
ਕਾਰੋਂ ਥੱਲੇ ਪੈਰ ਨਾ ਲਾਹੇ, ਸ਼ਾਮੀਂ ਸ਼ਾਹੀ ਖਰਚਾ ਹੈ।

ਏਸ ਸਿਆਸਤ ਦੇ ਅੰਬਰ 'ਤੇ ਗੁੱਡੀ ਚੜ੍ਹੇ ਜੁਗਾੜੀ ਦੀ,
ਕਾਲ਼ਾ ਧਨ ਤੇ ਨਾਮ ਕਮਾ ਕੇ, ਪਾਉਂਦਾ ਉੱਤਮ ਦਰਜਾ ਹੈ।

ਜੁੱਤੀ ਵਿਚ ਵੀ ਰੇਤ ਵੜੇਗੀ, ਲੋ ਵੀ ਪਿੰਡਾ ਲੂਹੇਗੀ,
ਥਲ ਦੀ ਵਾਟ ਮੁਕਾਉਣੀ ਆਪਾਂ, ਬੇਸ਼ਕ ਮੁਸ਼ਕਲ ਰਸਤਾ ਹੈ।

✪

ਪਤਝੜ ਵਿੱਚ ਭੋਰਾ ਹਰਿਆਵਲ, ਫੈਲੇ ਜਦ ਅਖ਼ਬਾਰਾਂ ਤੇ।
ਪੋਰੇ ਤੀਕਰ ਛਾਂਗੇ ਰੁੱਖ ਵੀ, ਰੱਖਣ ਟੇਕ ਬਹਾਰਾਂ ਤੇ।

ਪਹਿਲਾਂ ਵਰਗੇ ਮੋਹ ਤੇਹ ਮੁੱਕੇ, ਆਉਣੀ ਜਾਣੀ ਰਸਮਣ ਹੀ,
ਮੂੰਹ ਰੱਖਣ ਨੂੰ ਹੀ ਮਿਲ਼ੀਏ ਹੁਣ, ਦਿਨ ਸੁਧ ਜਾਂ ਤਿਉਹਾਰਾਂ ਤੇ।

ਬੰਦਿਆਂ ਵਰਗੇ ਹੀ ਰਿਸ਼ਤੇ ਹਨ, ਪੱਤਿਆਂ ਖ਼ਾਰਾਂ ਫੁੱਲਾਂ ਦੇ,
ਫੁੱਲਾਂ ਪੱਤਿਆਂ ਤੇ ਜਦ ਪਤਝੜ, ਆਉਣ ਬਹਾਰਾਂ ਖ਼ਾਰਾਂ ਤੇ।

ਅੱਖ ਬਚਾ ਕੇ ਸੁਟ ਆਉਂਦੇ ਉਹ, ਬਿਰਧ ਘਰਾਂ ਵਿਚ ਬਿਰਧਾਂ ਨੂੰ,
ਕੀ ਕੁਝ ਕਰਦੇ ਰਹਿਣ ਨਿਸ਼ਾਵਰ, ਮਾਪੇ ਬਰਖ਼ੁਰਦਾਰਾਂ ਤੇ।

ਹੱਕ ਬਰਾਬਰ ਦੇਣੇ ਔਖੇ, ਜਾਨ ਨਿਕਲਦੀ ਮਰਦਾਂ ਦੀ,
ਮਿੱਠੇ ਪੋਚੇ ਮਾਰੇ ਸੰਸਦ, ਨਾਰਾਂ ਦੇ ਅਧਿਕਾਰਾਂ ਤੇ।

ਮਹਿਕ ਵਿਹੂਣੇ ਵਿਹੜੇ ਮਹਿਕਣ, ਧੂਪ ਧੁਖ਼ਾ ਤੂੰ ਚਿਣਗਾਂ ਦੀ,
ਛੱਡ ਕਸੀਦੇ ਲਿਖਣੇ ਸ਼ਾਇਰਾ, ਕਲਮ ਚਲਾ ਹੁਣ ਵਾਰਾਂ ਤੇ।

✪

ਇਸ ਨਗਰੀ ਹੁਣ ਸਹਿ ਨਹੀਂ ਸਕਦੀ, ਇਸ ਕਲਯੁਗ ਦੇ ਵਾਰ।
ਮਾਰੀ ਜਾਂਦੀ ਮਰਿਆਂ ਨੂੰ ਹੀ, ਧਨਵਾਨਾਂ ਦੀ ਮਾਰ।

ਮੇਵੇ, ਦੁੱਧ, ਮਲਾਈਆਂ ਕਿੱਥੇ, ਮੁੱਠ ਆਟਾ ਦਰਕਾਰ।
ਚੋਬਰ ਦਾ ਲੱਕ ਤੋੜ ਰਿਹਾ ਏ, ਖਾਲੀ ਘਰ ਦਾ ਭਾਰ।

ਪਤਝੜ ਵਰਗਾ ਰੁੱਖਾ ਹੁੰਦੈ, ਤਦ ਬੱਚੇ ਦਾ ਬਚਪਨ,
ਨਿੱਕੀ ਉਮਰੇ ਸਿਰ ’ਤੇ ਹੋਵੇ, ਜਦ ਫਿਕਰਾਂ ਦੀ ਡਾਰ।

ਆਉਣ ਨਾ ਦੇਵੇ ਚਾਨਣ ਅੰਦਰ, ਸਾਹ ਨਾ ਕੱਢਣ ਦੇਵੇ,
ਸਾਡੇ ਦਰ ਤੇ ਬਹਿ ਗਈ ਕਾਲਖ, ਕਰਕੇ ਹਾਰ ਸ਼ਿੰਗਾਰ।

ਕੋਹਲੂ ਗੇੜ ’ਚ ਪਾਈ ਫਿਰਦੇ, ਭੋਲ਼ੀ ਖ਼ਲਕ ਨੂੰ ਚਾਤਰ,
ਇਸ ਨੂੰ ਸਿਧੇ ਰਾਹ ਤੇ ਪਾਈਏ, ਲਾ ਹਰਫਾਂ ਦੀ ਆਰ।

ਦੱਸੋ ਕਿਹੜਾ ਪੂਜੇ ਉਸਨੂੰ, ਕੌਣ ਡਰੇ ਉਸ ਕੋਲੋਂ,
ਸਾਡੇ ਵਾਂਗਰ ਅੰਦਰ ਵੜ ਕੇ, ਸੌਂਦੀ ਜੋ ਤਲਵਾਰ।

✪

ਕਿੰਨੀਆਂ ਨਵੀਆਂ ਰੀਝਾਂ ਦੀ ਉਸ ਬੁੱਕਲ ਮਾਰੀ ਸੀ।
ਪਲ ਵਿਚ ਇੱਕ ਵਰੋਲ਼ੇ ਸਾਰੇ ਖੇਡ ਖਿਲਾਰੀ ਸੀ।

ਬੇਸ਼ਕ ਉਸ ਦੇ ਅੰਦਰ ਰਿਝਦਾ ਰਹਿੰਦਾ ਸੀ ਲਾਵਾ,
ਫਿਰ ਵੀ ਹੋਠਾਂ ਉੱਤੇ ਉਸ ਨੇ ਚੁੱਪ ਸ਼ਿੰਗਾਰੀ ਸੀ।

ਇਸ ਦੁਨੀਆਂ 'ਚੋਂ ਲੱਭੀ ਸਾਨੂੰ ਸ਼ੁੱਧ ਮੁਹੱਬਤ ਨਾ,
ਹਰ ਰਿਸ਼ਤੇ 'ਤੇ ਚੜ੍ਹਿਆ ਹੋਇਆ ਰੰਗ ਬਜ਼ਾਰੀ ਸੀ।

ਪੂਜਣ ਯੋਗ ਬਣਾ ਗਏ ਉਹ ਪਲ ਰਾਣੀ ਝਾਂਸੀ ਨੂੰ,
ਰਣ ਖੇਤਰ ਵਿੱਚ ਆ ਕੇ ਜਦ ਉਸ ਤੇਗ ਉਲਾਰੀ ਸੀ।

ਸਿਰਲੱਥਾਂ ਨੇ ਕੀਤਾ ਸੀ ਤਦ ਦੰਗ ਜਲਾਦਾਂ ਨੂੰ,
ਇਸ ਦੂਜੇ ਤੋਂ ਪਹਿਲਾਂ ਜਦ ਉਹ ਖੋਂਹਦੇ ਵਾਰੀ ਸੀ।

ਕਿੰਨੀ ਜਾਨ ਭਰੀ ਸੀ ਖੰਭਾਂ ਵਿਚ ਪਰਿੰਦੇ ਦੇ,
ਟੁੱਟੇ ਨੋਚੇ ਖੰਭਾਂ ਵਿਚ ਵੀ ਆਸ ਉਡਾਰੀ ਸੀ।

ਜਿਹੜੀ ਧਿਰ ਦੀ ਨੀਤੀ ਨੰਗ ਨਿਚੋੜੇ ਦੁਖੀਆਂ ਦੇ,
ਓਸੇ ਦਾ ਮਨਮੋਹਨ ਤੇ ਉਸਦਾ ਅਟਲ ਬਿਹਾਰੀ ਸੀ।

✪

ਸੋਚ ਰਿਹਾਂ ਹੁਣ ਚਾਵਾਂ ਨੂੰ ਵਿਸਥਾਰ ਦਿਆਂ।
ਖੰਡਰ ਹੁੰਦੇ ਘਰ ਨੂੰ ਨਵੀਂ ਨੁਹਾਰ ਦਿਆਂ।

ਥਲ ਦਾ ਤਪਦਾ ਸੀਨਾ ਕਿਸ ਬਿਧ ਠਾਰਦਿਆਂ।
ਕਿਸ ਪਰਬਤ ਤੋਂ ਲੈਕੇ ਬਰਫ਼ ਖਿਲਾਰ ਦਿਆਂ।

ਤੀਜਾ ਨੇਤਰ ਖੋਲ੍ਹਾਂ ਅਕਲ ਦੇ ਅੰਨ੍ਹੇ ਦਾ,
ਕਿਸ ਹੀਲੇ ਹਰ ਗੂੰਗੇ ਨੂੰ ਗੁਫ਼ਤਾਰ ਦਿਆਂ।

ਘਰ ਪਥਰਾਇਆ ਮੇਰੇ ਮੂੰਹ ਵਲ ਵੇਖੇ ਤਦ,
ਜਦ ਮੈਂ ਉਸ ਨੂੰ ਗਮਲੇ ਵਿਚ ਗੁਲਜ਼ਾਰ ਦਿਆਂ।

ਚਮਕ ਇਨ੍ਹਾਂ ਦੀ ਅੱਖਾਂ ਨੂੰ ਚੁੰਧਿਆਵੇ ਨਾ,
ਜੇ ਮਹਿਲਾਂ ਦੇ ਅੱਗੇ ਗ਼ਰਦ ਗੁਬਾਰ ਦਿਆਂ।

ਨੇਕੀ ਦਾ ਦਮ ਨੱਕ 'ਚ ਕੀਤਾ ਬਦੀਆਂ ਨੇ,
ਹੁਣ ਵੇਲਾ ਹੈ ਬਦੀਆਂ ਨੂੰ ਲਲਕਾਰ ਦਿਆਂ।

ਪੂਰ ਦਿਆਂ ਕੁੱਝ ਟੋਏ, ਵਾਹ ਕੇ ਧਰਤੀ ਨੂੰ,
ਇਸ ਮਿੱਟੀ ਦਾ ਕੁਝ ਤਾਂ ਕਰਜ਼ ਉਤਾਰ ਦਿਆਂ।

✪

ਸਮਝ ਨਾ ਉਤਮ ਜੂਨ ਇਹ, ਜੀਣਾ ਵੇਖ ਮੁਹਾਲ।
ਪੁਸ਼ਤਾਂ ਪੁੱਠੇ ਲਟਕ ਕੇ, ਲਟਕੇ ਰਹਿਣ ਸਵਾਲ।

ਮਸਲੇ ਇੱਥੇ ਆਮ ਨੇ, ਪਰ ਵਸਤਾਂ ਦਾ ਕਾਲ਼।
ਇਸ ਨਗਰੀ 'ਤੇ ਸੁੱਟਿਆ, ਸ਼ਾਹ ਨੇ ਮਾਇਆ ਜਾਲ਼।

ਕਮਚੋਰਾਂ ਦੀ ਘਾਟ ਨਾ, ਚੋਰ ਬਜ਼ਾਰੀ ਆਮ,
ਅੱਖ ਚੁਰਾਉਂਦੇ ਖਲਕ ਤੋਂ, ਹਾਕਮ ਪੰਜੇ ਸਾਲ।

ਘੁਟ ਘੁਟ ਕੇ ਹੀ ਜੀਣ ਦਾ, ਨਿੱਤ ਕਰੀਂ ਅਭਿਆਸ,
ਘੁੱਟੀ ਰੱਖਣ ਹੱਥ ਉਹ, ਹਿਰਦਾ ਕਰੀਂ ਵਿਸ਼ਾਲ।

ਤਕੜਾ ਹੋ ਕੇ ਕਮਰ ਕਸ, ਛੱਡ ਬਿਗਾਨੀ ਆਸ,
ਗੁੰਦੀਂ ਆਪੇ ਮੀਢੀਆਂ, ਰੱਖੀਂ ਸੁਰਤ ਸੰਭਾਲ਼।

ਖੌਰੂ ਪਾ ਕੇ ਜ਼ਿਹਨ ਵਿੱਚ, ਨਿਕਲੇ ਸੋਚ ਵਿਚਾਰ,
ਮੇਟੇ ਹੱਦਾਂ ਹਾਸ਼ੀਏ, ਫਿਰ ਹਰਫ਼ਾਂ ਦੀ ਪਾਲ਼।

ਜਦ ਤਕ ਰਹਿਣੇ ਵਿਤਕਰੇ, ਜਦ ਤਕ ਕਾਣੀ ਵੰਡ,
ਖਹਿਣਾ ਨਾਲ਼ ਸ਼ੈਤਾਨ ਦੇ, ਆਢਾ ਬਦੀਆਂ ਨਾਲ਼।

✪

ਮੁਰਾਦਾਂ ਭੀੜ ਮੰਗਦੀ ਹੈ, ਜਿਨ੍ਹਾਂ ਦੇ ਡੇਰਿਆਂ ਉੱਤੇ।
ਅਨੇਕਾਂ ਦੋਸ਼ ਚਿਪਕੇ ਹਨ, ਉਨ੍ਹਾਂ ਦੇ ਚੋਲ਼ਿਆਂ ਉੱਤੇ।

ਛੁਪਾ ਕੇ ਤਬਲਿਆਂ ਅੰਦਰ, ਕਬੂਤਰ ਢੋ ਰਹੇ ਰਾਗੀ,
ਗੁਰਾਂ ਦਾ ਨਾਮ ਜਪਦੇ ਹਨ, ਬਦੇਸ਼ੀ ਨਾਕਿਆਂ ਉੱਤੇ।

ਵਿਰਾਸਤ ਸਾਂਭਣੀ ਇਹਨਾਂ, ਗੁਆਚੀ ਗੁੱਤ ਜਿਨ੍ਹਾਂ ਦੀ,
ਕਮੀਜ਼ਾਂ ਮੁਕਤ ਬਾਹਾਂ ਤੋਂ, ਤੇ ਟੈਟੂ ਡੌਲ਼ਿਆਂ ਉੱਤੇ।

ਹਨੇਰੀ ਲੈ ਗਈ ਕਿਧਰੇ, ਉਡਾ ਕੇ ਛੱਤ ਛੱਪਰ ਦੀ,
ਅਜੇ ਤੱਕ ਛੱਤ ਨੀਲੀ ਹੈ, ਖਿਲਾਰੇ ਖੋਲ਼ਿਆਂ ਉੱਤੇ।

ਹਨੇਰਾ ਫੈਲਦਾ ਜਾਵੇ, ਕਬੀਲਾ ਘੂਕ ਸੁੱਤਾ ਹੈ,
ਟਿਕਾਈ ਅੱਖ ਨ੍ਹੇਰੀ ਨੇ, ਜਗਾਏ ਦੀਵਿਆਂ ਉੱਤੇ।

ਤੁਸਾਂ ਫਿਰ ਚੀਕਣਾ ਉਸ ਦਿਨ, ਜਦੋਂ ਉਹ ਆ ਗਏ ਚੜ੍ਹ ਕੇ,
ਖੁੜਾਂ ਦੀ ਪੀੜ ਉਕਰੀ ਹੈ, ਜਿਨ੍ਹਾਂ ਦੇ ਚਿਹਰਿਆਂ ਉੱਤੇ।

ਕਿਆਸੋ ਦਰਦ ਮਾਵਾਂ ਦਾ, ਜਿਨ੍ਹਾਂ ਤੋਂ ਲਾਡਲੇ ਖੋਹ ਕੇ,
ਚਲਾਏ ਸੀ ਉਤਾਹਾਂ ਨੂੰ, ਤੇ ਬੋਚੇ ਨੇਜਿਆਂ ਉੱਤੇ।

✪

ਹਰ ਕਿਸੇ ਨੇ ਹੱਸ ਕੇ ਨਾ ਕੱਟਿਆ।
ਜਨਮ ਤੇ ਸਸਕਾਰ ਵਿਚਲਾ ਫਾਸਲਾ।

ਜਿਸ ਤਰ੍ਹਾਂ ਦੁਨੀਆਂ ਨੇ ਮੈਂਨੂੰ ਰੌਂਦਿਆ।
ਫੇਰ ਜੰਮਣ ਦਾ ਰਿਹਾ ਨਾ ਹੌਸਲਾ।

ਮੌਤ ਹਸਦੀ ਟੱਕਰੇ ਹਰ ਮੋੜ 'ਤੇ,
ਜ਼ਿੰਦਗੀ ਨੇ ਰੱਖਿਆ ਨਾ ਰਾਬਤਾ।

ਫਿਰਦੀਆਂ ਨੇ ਨ੍ਹੇਰੀਆਂ ਇਹ ਲਭਦੀਆਂ,
ਕੌਣ ਏਥੇ ਰਹਿ ਗਿਆ ਹੈ ਸਾਬਤਾ।

ਸ਼ਹਿਰ ਵਿੱਚੋਂ ਲਾਪਤਾ ਮੈਂ ਹੋ ਗਿਆਂ,
ਪਰ ਨਾ ਹੋਈ 'ਮੈਂ' ਮਿਰੇ 'ਚੋਂ ਲਾਪਤਾ।

ਹੁਣ ਕਿਸੇ ਨੂੰ ਲੋਕ ਮੂੰਹ ਨਾ ਲਾਂਵਦੇ,
ਰਹਿਨੁਮਾ ਨੇ ਸ਼ਹਿਰ ਦੇ ਖ਼ੁਦਸਾਖਤਾ।

ਸੁਪਨਿਆਂ ਦੀ ਕਬਰ ਉੱਤੇ ਬੈਠ ਕੇ,
ਜੀਣ ਦੀ ਵੀ ਪਾਲਦੇ ਹਾਂ ਲਾਲਸਾ।

✪

ਯੁੱਗ ਬਦਲਿਆ ਪਰ ਨਾ ਬਦਲੀ, ਆਪਾਂ ਸੋਚ ਪੁਰਾਣੀ।
ਪੁੱਤ ਨੂੰ ਕਹੀਏ ਜਿਉਣ ਜੋਗਿਆ, ਤੇ ਧੀ ਨੂੰ ਮਰਜਾਣੀ।

ਕੁੱਖ 'ਚ ਪਾਰ ਬੁਲਾ ਬਹਿੰਦੇ ਜੋ, ਪਿੰਡ 'ਚ ਰੁਲਦੇ ਰਹਿੰਦੇ,
ਸੱਤ ਸਮੁੰਦਰ ਪਾਰ ਕਰਾ ਗਈ, ਟੱਬਰ ਨੂੰ ਡੁੱਬਜਾਣੀ।

ਮੁੱਲ ਤਾਰ ਕੇ ਵਸਤਾਂ, ਰਿਸ਼ਤੇ ਮੰਡੀ 'ਚੋਂ ਮਿਲ਼ ਜਾਂਦੇ,
ਛਿੱਟ ਖੁਸ਼ੀ ਪਰ ਮੁੱਲ ਮਿਲ਼ੇ ਨਾ, ਨਾ ਰੂਹਾਂ ਦੇ ਹਾਣੀ।

ਜਿਸ ਬਾਬੇ ਨੇ ਭਰ ਭਰ ਪੀਤੇ ਅਧਰਿੜਕੇ ਦੇ ਛੰਨੇ,
ਉਸ ਦੀ ਬਾਟੀ ਵਿੱਚ ਹੁੰਦਾ ਹੈ, ਹੁਣ ਪ੍ਰਦੂਸ਼ਤ ਪਾਣੀ।

ਨਾ ਇਸ ਨੇ ਕੋਈ ਖੇਤ ਸਿੰਜਣਾ, ਨਾ ਧੋਣਾ ਮੂੰਹ ਘਰ ਦਾ,
ਰਾਤ ਦਿਨੇ ਹੀ ਵਗਦਾ ਰਹਿੰਦੈ, ਜੋ ਜਲ ਅੱਖਾਂ ਥਾਣੀ।

ਕਾਣੀ ਵੰਡ ਦੇ ਮੂੰਹ 'ਤੇ ਪਰਦਾ, ਪੈਣਾ ਹੈ ਉਸ ਵੇਲ਼ੇ,
ਅਕਲ ਤੋਂ ਪਰਦਾ ਜਦ ਲਾਹੇਗੀ, ਇਹ ਦੁਖੀਆਂ ਦੀ ਢਾਣੀ।

ਗੋਲ਼ਕ ਵਿੱਚ ਹੀ ਡੁਬਕੀ ਲਾ ਕੇ, ਕਿੰਝ ਤਰੋਗੇ ਸਿੰਘੋ,
ਸ਼ਬਦ 'ਚ ਡੁੱਬਣ ਵਾਲ਼ੇ ਨੂੰ ਹੀ, ਜੇ ਤਾਰੇ ਗੁਰਬਾਣੀ।

✪

ਝੱਖੜ ਅੱਗੇ ਪੇਸ਼ ਗਈ ਨਾ ਛੱਪਰ ਉੱਡ ਗਿਆ।
ਕਰ ਹੱਥਾਂ ਦੀ ਚਾਰ ਦੀਵਾਰੀ ਜਗਦਾ ਦੀਪ ਬਚਾ।

ਜਦ ਅੰਨੇਵਾਹ ਹਰ ਸੋਮਾ ਹੀ ਜਲ ਦਾ ਵਰਤ ਲਿਆ।
ਇਸ ਪਿਛੋਂ ਫਿਰ ਪੋਤਾ ਹੋਊ ਰੇਤਾ ਚੂਸ ਰਿਹਾ।

ਤਪਦੇ ਪਖਦੇ ਰਹਿਣਾ ਪੈਣਾ ਗੂੰਗੀ ਨਗਰੀ ਨੂੰ,
ਇਕ ਵਾਅਦੇ ਦਾ ਬੁੱਲਾ ਹੀ ਜਦ ਰੋਹ ਨੂੰ ਠਾਰ ਗਿਆ।

ਅੱਕੇ ਜੱਟ ਨੇ ਮੁਕਤੀ ਖਾਤਰ ਚਿਣੀਆਂ ਛਿਟੀਆਂ ਹੀ,
ਜਦ ਸ਼ਾਹਾਂ ਨੇ ਛਿਟੀਆਂ ਉੱਤੋਂ ਨਰਮਾਂ ਸੂਤ ਲਿਆ।

ਹਰ ਝੱਖੜ ਤੋਂ ਡਰ ਕੇ ਜਿਹੜਾ ਅੰਦਰ ਵੜਦਾ ਸੀ,
ਅੰਦਰ ਝੁਲਦੇ ਝੱਖੜ ਨੇ ਹੁਣ ਰਾਹ ਤੇ ਤੋਰ ਲਿਆ।

ਵੇਖੇ ਜਦ ਹਰਿਆਵਲ ਕੇਵਲ ਮਹਿਲਾਂ ਨੇੜੇ ਹੀ,
ਮਾਰੂਥਲ ਵਿੱਚ ਸੁਕਦੇ ਰੁੱਖ ਦਾ ਹੋਵੇ ਜ਼ਖ਼ਮ ਹਰਾ।

✪

ਧਰਤ ਅੰਬਰ ਗਾਹ ਵੀ ਲੈਂਦੇ ਹੌਂਸਲੇ।
ਅੜਚਣਾ ਤੋਂ ਰਾਹ ਵੀ ਲੈਂਦੇ ਹੌਂਸਲੇ।

ਕਾਲਖਾਂ ਦੇ ਦਾਗ਼ ਲੱਗਣ ਦੇਣ ਨਾ,
ਰੌਸ਼ਨੀ ਦੀ ਪਾਹ ਵੀ ਲੈਂਦੇ ਹੌਂਸਲੇ।

ਖ਼ੂਬ ਦਿੰਦੇ ਢੱਠਿਆਂ ਨੂੰ ਢਾਰਸਾਂ,
ਹੋਣੀਆਂ ਨੂੰ ਢਾਹ ਵੀ ਲੈਂਦੇ ਹੌਂਸਲੇ।

ਪੀਣ ਸਾਹ ਵੀ ਨ੍ਹੇਰੀਆਂ ਨੂੰ ਘੇਰ ਕੇ,
ਵੇਖ ਸਾਹੀਂ ਸਾਹ ਵੀ ਲੈਂਦੇ ਹੌਂਸਲੇ।

ਮਸਲ਼ ਦਿੰਦੇ ਪਰਬਤਾਂ ਦੀ ਧੌਣ ਵੀ,
ਸਾਗਰਾਂ ਦੀ ਥਾਹ ਵੀ ਲੈਂਦੇ ਹੌਂਸਲੇ।

ਘੁੱਗੀਆਂ ਨੂੰ ਖੁੱਲ੍ਹ ਦਿੰਦੇ ਜਾਣ ਕੇ,
ਸ਼ਿਕਰਿਆਂ ਨੂੰ ਫਾਹ ਵੀ ਲੈਂਦੇ ਹੌਂਸਲੇ।

ਕੱਢ ਲੈਂਦੇ ਪੱਥਰਾਂ ’ਚੋਂ ਨੀਰ ਵੀ,
ਦਲਦਲਾਂ ਨੂੰ ਵਾਹ ਵੀ ਲੈਂਦੇ ਹੌਂਸਲੇ।

ਦਿਲਬਰਾਂ ਨੂੰ ਸੇਕ ਲੱਗਣ ਦੇਣ ਨਾ,
ਦੁਸ਼ਮਣਾਂ ਨੂੰ ਢਾਹ ਵੀ ਲੈਂਦੇ ਹੌਂਸਲੇ।

ਪਿੱਠ ਉੱਤੇ ਰੇਤ ਕਣ ਵੀ ਸਹਿਣ ਨਾ,
ਹਿੱਕ ਤੇ ਸਹਿ ਠਾਹ ਵੀ ਲੈਂਦੇ ਹੌਂਸਲੇ।

✪

ਸੱਗੀ ਪਾ ਕੇ ਨੀਰ ਵਿੱਚ, ਖੜ੍ਹੀ ਇਮਾਰਤ ਵੇਖ।
ਜਲ 'ਤੇ ਤਰਦੇ ਸ਼ਿਲਪ ਨੇ, ਲਿਖੀ ਇਬਾਰਤ ਵੇਖ।

ਆਉਣ ਵਪਾਰੀ ਝੂੰਮਦੇ, ਜਿੱਥੇ ਭੁੱਖ ਪਿਆਸ,
ਇਸ ਥਾਂ ਕਰਜੇ ਬੀਜ ਕੇ, ਫ਼ਲ਼ੀ ਤਜ਼ਾਰਤ ਵੇਖ।

ਕੀ ਕੁੱਝ ਦਿੱਤਾ ਪੁਰਖਿਆਂ, ਮੁੜ ਮੁੜ ਇਹ ਨਾ ਪੁੱਛ,
ਪੁਸ਼ਤਾਂ ਪੀੜਾ ਸਹਿਣ ਦੀ, ਮਿਲੀ ਮੁਹਾਰਤ ਵੇਖ।

ਮਾਪੇ ਅਗਲੀ ਨਸਲ ਦਾ, ਕਿੰਨਾ ਕਰਨ ਖਿਆਲ,
ਧੀ ਧਰਤੀ ਨੂੰ ਸੌਂਪ ਕੇ, ਕਰਨ ਹਿਫ਼ਾਜਤ ਵੇਖ।

ਜਾਬਰ ਜਬਰ ਕਰੇਂਦਿਆ, ਨਾ ਅਜ਼ਮਾਈਂ ਹੋਰ,
ਜਿਸਮ ਕਰੰਡੇ ਵੇਖ ਨਾ, ਸਿਦਕ ਸਲਾਮਤ ਵੇਖ।

ਖ਼ੂਬ ਨਿਭੇਗੀ ਦੋਸਤੀ, ਸ਼ਾਮ ਸੁਦਾਮੇ ਵਾਂਗ,
ਤੋਲ ਨਾ ਪੈਸੇ ਨਾਲ ਤੂੰ, ਦਿਲੀ ਮੁਹੱਬਤ ਵੇਖ।

ਬਣੀਆਂ ਵੇਲੇ ਪੰਥ ਨੂੰ, ਰਹਿਣ ਘੁਕਾਉਂਦੇ ਨਾਲ,
ਹੁਣ ਇੱਕੋ ਪਰਿਵਾਰ ਦੀ, ਬਣੀ ਵਜ਼ਾਰਤ ਵੇਖ।

✪

ਸੁਪਨਿਆਂ ਵਿੱਚ ਤੜਪਦੇ ਹਨ ਉਹ ਘਰਾਂ ਦੇ ਨਿੱਘ ਨੂੰ।
ਪਹਿਲ ਦਿੱਤੀ ਸੀ ਜਿਨ੍ਹਾਂ ਨੇ ਡਾਲਰਾਂ ਦੇ ਨਿੱਘ ਨੂੰ।

ਬੰਦਿਆਂ ਦੀ ਬੰਦਗ਼ੀ ਦਾ ਭੇਦ ਪਾਇਆ ਜਿਸ ਕਿਸੇ,
ਮਾਰਦਾ ਹੈ ਠੋਕਰਾਂ ਉਹ ਠਾਕਰਾਂ ਦੇ ਨਿੱਘ ਨੂੰ।

ਦੋ ਦਿਲਾਂ ਦੇ ਪਾਕ ਰਿਸ਼ਤੇ ਨੂੰ ਮਿਲੇ ਨਾ ਮਾਨਤਾ,
ਪਰ ਵਿਆਹ ਦਾ ਮਾਣ ਮਿਲ਼ਦਾ ਪਿੰਜਰਾਂ ਦੇ ਨਿੱਘ ਨੂੰ।

ਏਸ ਪਛੜੇ ਪਿੰਡ ਨੂੰ ਸੀ ਜੋ ਬੇਦਾਵਾ ਦੇ ਗਿਆ,
ਹੁਣ ਖ਼ਤਾਂ ’ਚੋਂ ਭਾਲ਼ਦਾ ਹੈ ਉਹ ਗਰਾਂ ਦੇ ਨਿੱਘ ਨੂੰ।

ਧੁੱਪ ਅਮੀਰੀ ਦੀ ਢਲ਼ੀ ਤਾਂ ਸੀਤ ਠੰਢੇ ਹੋ ਗਏ,
ਮਾਣਦੇ ਸਨ ਬੈਠ ਕੇ ਜੋ ਨੌਕਰਾਂ ਦੇ ਨਿੱਘ ਨੂੰ।

ਤੰਦ ਮੋਹ ਦੀ ਤੋੜ ਦਿੱਤੀ ਹੁਣ ਪਦਾਰਥਵਾਦ ਨੇ,
ਤਰਸਦੀ ਹੈ ਮਾਂ ਮੁਨਾਖ਼ੀ ਪੁੱਤਰਾਂ ਦੇ ਨਿੱਘ ਨੂੰ।

✪

ਤਲ਼ੀ 'ਤੇ ਸੀਸ ਰੱਖਣ ਦਾ, ਵਿਖਾਵਾ ਹਰ ਜਗ੍ਹਾ ਕਰੀਏ।
ਘਰਾਂ 'ਚੋਂ ਪੈਰ ਪੁੱਟਣ ਦਾ, ਅਜੇ ਨਾ ਹੌਂਸਲਾ ਕਰੀਏ।

ਸਿਰਾਂ ਤੇ ਕਹਿਰ ਦਾ ਝੱਖੜ, ਦਿਸੇ ਨਾ ਠਹਿਰਦਾ ਝੱਖੜ,
ਰੜੇ ਹੀ ਬੈਠ ਨਾ ਰਹੀਏ, ਸਿਰਾਂ 'ਤੇ ਅੜਤਲਾ ਕਰੀਏ।

ਜੇ ਪਾਉਣੀ ਰੇੜ੍ਹ ਖੁੱਤੀ ਨੂੰ, ਜਗਾਈਏ ਅਣਖ ਸੁੱਤੀ ਨੂੰ,
ਹਨੇਰਾ ਖਿਸਕਦਾ ਵੇਖੀਂ, ਮਨਾਂ 'ਚੋ ਡਰ ਵਿਦਾ ਕਰੀਏ।

ਨਪੀੜੇ ਰੋਜ਼ ਘੰਡੀ ਨੂੰ, ਕਹੋ ਕੁੱਝ ਏਸ ਮੰਡੀ ਨੂੰ,
ਉਡਾਈ ਨੀਂਦ ਹੈ ਜਿਸ ਨੇ, ਨਕਾਰਾ ਦਬਦਬਾ ਕਰੀਏ।

ਝੁਕਾਈਏ ਅੱਖ ਜਾਬਰ ਦੀ, ਸਲਾਹ ਹੈ ਨੇਕ ਨਾਬਰ ਦੀ,
ਕਦੇ ਤਾਂ ਸੋਚੀਏ ਬਹਿ ਕੇ, ਸਮਾਂ ਹੈ ਫੈਸਲਾ ਕਰੀਏ।

ਹੈ ਲਾਇਆ ਪੌਂਡ ਨੇ ਥੱਲੇ, ਤੇ ਕੀਤਾ ਕੌਡੀਓਂ ਖੋਟਾ,
ਰੁਪੱਈਆ ਜਾਨ ਹੈ ਸਾਡੀ, ਰੁਪੱਈਆ ਟਣਕਦਾ ਕਰੀਏ।

ਕਦੇ ਤਾਂ ਬਾਲ ਕਰਦੇ ਸਨ, ਕਰੇ ਹੁਣ ਆਪ ਹੀ ਗਿੱਲਾ,
ਘਟੇ ਕੁੱਝ ਦੁੱਖ ਮਾਤਾ ਦਾ, ਜੇ ਸੁੱਕਾ ਬਿਸਤਰਾ ਕਰੀਏ।

✪

ਮਿਲੇ ਕੀ ਚੈਨ ਇਸ ਦਿਲ ਨੂੰ, ਸੁਨੇਹੇ ਸ਼ੋਕ ਦੇ ਆਏ।
ਸੁਨਾਮੀ ਜ਼ਲਜ਼ਲੇ ਆਏ, ਗ਼ਮਾਂ ਦੇ ਕਾਫਲੇ ਆਏ।

ਤੁਫਾਨੀ ਰਾਤ ਸੀ ਸਿਰ 'ਤੇ, ਲੰਮੇਰੀ ਵਾਟ ਸੀ ਅੱਗੇ,
ਸਿਆਣੇ ਨਾਲ ਨਾ ਆਏ, ਉਨ੍ਹਾਂ ਦੇ ਮਸ਼ਵਰੇ ਆਏ।

ਕਰੋਪੀ ਵੇਖ ਕੁਦਰਤ ਦੀ, ਵੰਡਾਇਆ ਦੁੱਖ ਦੁਨੀਆ ਨੇ,
ਭਰਨ ਲਈ ਰੁੱਗ ਰਾਹਤ ਦੇ, ਵੰਡਾਵੇ ਝੂੰਮਦੇ ਆਏ।

ਮਿਲੇ ਜਦ ਰਹਿਨੁਮਾ ਸੱਚੇ, ਕਬੀਲਾ ਢੋਲ 'ਤੇ ਨੱਚੇ,
ਜਿਨ੍ਹਾਂ ਤੇ ਫੱਟ ਲੱਗੇ ਸਨ, ਉਹ ਡੌਲੇ ਫਰਕਦੇ ਆਏ।

ਮੁਕਾਈ ਹੱਦ ਜਬਰਾਂ ਨੇ, ਮੁਕਾਇਆ ਸਬਰ ਵੀ ਸਾਡਾ,
ਭੁਲਾਈਆਂ ਬੰਦਸ਼ਾਂ ਦਿਲ ਨੇ, ਲਬਾਂ ਤੇ ਵਲਵਲੇ ਆਏ।

ਲਿਖੀ ਸੀ ਨਜ਼ਮ ਜੋ ਰਾਤੀਂ, ਸੁਣਾਈ ਆਣ ਮਹਿਫਲ ਵਿਚ,
ਕਿਸੇ ਨੇ ਦਾਦ ਵੀ ਦਿੱਤੀ, ਕਿਸੇ ਦੇ ਤਬਸਰੇ ਆਏ।

✪

ਏਸ ਸਿਆਸਤ ਨੂੰ ਬੜੀ ਅਦਲਾ ਬਦਲੀ ਰਾਸ।
ਆਓ ਭਾਗਤ ਰਾਮ ਦੀ, ਅੱਲਾ ਨੂੰ ਬਣਵਾਸ।

ਮੱਲੀ ਬੈਠੇ ਕੁਰਸੀਆਂ, ਜੋ ਸੰਗਤ ਦੇ ਦਾਸ।
ਦੇਣ ਸਹੂਲਤ ਨਾ ਕਦੇ, ਦੇਣ ਸਦਾ ਧਰਵਾਸ।

ਪੌਂਡਾਂ ਪਾਈਆਂ ਦੂਰੀਆਂ ਮਮਤਾ ਰਹੇ ਉਦਾਸ।
ਭਟਕੇ ਪੁੱਤਾਂ ਨਾਲ ਹੀ, ਮਾਵਾਂ ਦੀ ਅਰਦਾਸ।

ਉਸ ਨੂੰ ਪੋਹੇ ਯੋਗ ਨਾ, ਨਾ ਪੋਹੇ ਉਪਵਾਸ।
ਚਰਦੀ ਜਿਸ ਨੂੰ ਭੁੱਖ ਵੀ, ਚੂੰਡਣ ਗਿਰਝਾਂ ਮਾਸ।

ਕੀਤਾ ਆਪਾਂ ਧਰਤ ਦਾ, ਲੀਰਾਂ ਸਬਜ਼ ਲਿਬਾਸ।
ਤਪਸ਼ ਤਪਾਊ ਹਾੜ ਨੂੰ, ਮਾਘ ਵੀ ਮਘਣੇ ਖਾਸ।

ਦੁੱਖ ਨਾ ਆਉਂਦੇ ਪੁੱਛ ਕੇ, ਰਹਿੰਦਾ ਦੂਰ ਨਿਘਾਸ।
ਫਿਰ ਵੀ ਰੜਕਣ ਰਾਠ ਨੂੰ ਸਾਡੇ ਨੰਗ ਨਿਵਾਸ।

ਨੱਪਣ ਸੰਘੀ ਖ਼ਲਕ ਦੀ ਚੌਧਰ ਜਿਨ੍ਹਾਂ ਪਾਸ।
ਗਿਣ ਗਿਣ ਬਦਲੇ ਲੈਣ ਉਹ, ਗਿਣ ਗਿਣ ਦੇਣ ਸਵਾਸ।

ਜਿਹੜੇ ਪਾਉਂਦੇ ਸੁੱਕਣੇ, ਛੱਡ ਉਨ੍ਹਾਂ ਦੀ ਆਸ।
ਹੁਣ ਪੈਣਾ ਖੂਹ ਪੁੱਟਣਾ, ਕਢਦੀ ਜਾਨ ਪਿਆਸ।

✪

ਹੁਣ ਤਕ ਆਪਾਂ ਦਿੱਲੀ ਵੀ ਸਰ ਕਰ ਜਾਂਦੇ।
ਜੇ ਨਾ ਸਾਡੇ ਨਾਲ ਘਰਾਂ ਦੇ ਡਰ ਜਾਂਦੇ।

ਹੋ ਸਕਦਾ ਸੀ ਬੋੜੇ ਬਰਤਣ ਭਰ ਜਾਂਦੇ।
ਜੋ ਉਹਨਾਂ ਦੇ ਮੂੰਹ ਅੰਬਰ ਵੱਲ ਕਰ ਜਾਂਦੇ।

ਮੋਈ ਮਾਂ ਦੀ ਰੂਹ 'ਤੇ ਰਹਿਮਤ ਕਰ ਜਾਂਦੇ।
ਪੁੱਤ ਪ੍ਰਦੇਸੋਂ ਆਣ ਚਿਖ਼ਾ 'ਤੇ ਧਰ ਜਾਂਦੇ।

ਜਿਹੜੇ ਮਨ 'ਚੋ ਕੱਢ ਦਿੰਦੇ ਡਰ ਡੁੱਬਣ ਦਾ,
ਉਹ ਜੀਵਨ ਦਾ ਹਰ ਭਵਸਾਗਰ ਤਰ ਜਾਂਦੇ।

ਇਸ ਤੰਤਰ ਵਿੱਚ ਪੈਰ ਨਾ ਲੱਗਣ ਉਹਨਾਂ ਦੇ,
ਜੋ ਤੰਤਰ ਨੂੰ ਪੱਕੇ ਪੈਰੀਂ ਕਰ ਜਾਂਦੇ।

ਹੁਣ ਨਾ ਪੈਂਦੀ ਧੀ ਨੂੰ ਲੋੜ ਸਵੰਬਰ ਦੀ,
ਮੰਡੀ 'ਚੋ ਹੀ ਲੱਭ ਬਥੇਰੇ ਵਰ ਜਾਂਦੇ।

ਲੋਕਰਾਜ ਦੇ ਸਿਰ 'ਤੇ ਚੜ੍ਹੇ ਵਿਰਾਸਤ ਜਦ,
ਗੱਦੀ ਉੱਤੇ ਬਾਪ ਖੜਾਵਾਂ ਧਰ ਜਾਂਦੇ।

ਪਰਖਣ ਵਾਲੇ ਸੋਚ ਨਾ ਵੇਖਣ ਗ਼ਜ਼ਲਾਂ ਵਿੱਚ,
ਪਰ ਸ਼ਿਅਰਾਂ ਦਾ ਅੱਖਰ ਅੱਖਰ ਕਰ ਜਾਂਦੇ।

✪

ਖੁੱਲ੍ਹੇ ਡੁੱਲ੍ਹੇ ਘਰ ਹੁੰਦੇ ਸਨ, ਬਿਨ ਖਿੜਕੋਂ ਹੀ ਦਰ ਹੁੰਦੇ ਸਨ।
ਧੁੱਦਲ਼ ਹੁੰਦੀ ਸੀ ਰਾਹਾਂ ਵਿਚ, ਆਸੇ ਪਾਸੇ ਸਰ ਹੁੰਦੇ ਸਨ।

ਪਾਲ਼ੋ ਪਾਲ਼ ਸਬਾਤ 'ਚ ਮੰਜੇ, ਡਾਹ ਲੈਂਦਾ ਸੀ ਸਾਰਾ ਟੱਬਰ,
ਭਰੇ ਭੜੋਲੇ ਸਨ ਮੋਹ ਤੇਹ ਦੇ, ਦਿਲ ਤੋਂ ਦਿਲ ਤਕ ਦਰ ਹੁੰਦੇ ਸਨ।

ਪਿੰਡ 'ਚ ਜੰਮੀ ਹਰ ਕੰਨਿਆਂ ਹੀ, ਸਾਰੇ ਪਿੰਡ ਦੀ ਧੀ ਹੁੰਦੀ ਸੀ,
ਮਾਣ ਕਬੀਲੇ ਦਾ ਹੁੰਦਾ ਸੀ, ਦੋਸਤ ਮਿੱਤਰ ਪਰ ਹੁੰਦੇ ਸਨ।

ਖੁੱਦੋ ਖੂੰਡੀ, ਖਾਨਾਘੋੜੀ, ਖੇਡ ਖੇਡ ਕੇ ਥਕਦੇ ਨਾ ਸੀ,
ਸਭਨਾਂ ਦੇ ਖੱਦਰ ਦੇ ਝੱਗੇ, ਨਾਲ਼ ਪਸੀਨੇ ਤਰ ਹੁੰਦੇ ਸਨ।

ਚੁੰਘਦੇ ਸਨ ਮੱਝਾਂ ਦੇ ਡੋਕੇ, ਜਿਦ ਜਿਦ ਘਿਉ ਖਾਂਦੇ ਸਨ ਚੋਬਰ,
ਥੱਬਾ ਥੱਬਾ ਪੱਟਾਂ ਵਾਲ਼ੇ, ਮੱਲ ਤੇ ਬਾਜ਼ੀਗਰ ਹੁੰਦੇ ਸਨ।

ਕੱਕੀ ਰੇਤਾ ਉੱਤੇ ਲਿਖ ਲਿਖ, ਪੈਂਤੀ ਪੱਕੀ ਕਰ ਲੈਂਦੇ ਸਾਂ,
ਇੱਜ਼ਤ ਹੁੰਦੀ ਸੀ ਵੱਡਿਆਂ ਦੀ, ਉਸਤਾਦਾਂ ਦੇ ਡਰ ਹੁੰਦੇ ਸਨ।

ਪੰਜ ਸੱਤ ਕੋਹ ਤਕ ਪੈਦਲ ਤੁਰ ਕੇ, ਜਦ ਜਾਂਦੇ ਸਾਂ ਪੜ੍ਹਨ ਸਕੂਲੇ,
ਪੋਣੇ ਵਿਚ ਚੂਰੀ ਦੇ ਪਿੰਨੇ, ਦੇਸੀ ਘਿਉ ਵਿਚ ਤਰ ਹੁੰਦੇ ਸਨ।

ਕੇਵਲ ਇਕ ਰੁਪੱਈਆ ਲੈ ਕੇ, ਹੋ ਜਾਂਦਾ ਸੀ ਰਿਸ਼ਤਾ ਪੱਕਾ,
ਬਿਨ ਵੇਖੇ ਪਰਨਾਅ ਲੈਂਦੇ ਸਨ, ਕਿੰਨੇ ਸਾਊ ਵਰ ਹੁੰਦੇ ਸਨ।

✪

ਦੇਣ ਗੁੜ੍ਹਤੀ ਜ਼ਹਿਰ ਦੀ ਜਦ, ਬਾਗ਼ ਕਿੱਦਾਂ ਮਹਿਕਦਾ।
ਛਾਣਦਾ ਕੀ ਪੌਣ ਜੰਗਲ, ਆਪ ਹੀ ਜੋ ਸਹਿਕਦਾ।

ਬਾਗਬਾਨਾਂ ਤੋਂ ਬਚਾਈਏ, ਇਹ ਬਗੀਚੀ ਦੋਸਤੋ,
ਇਹ ਪਰੋਂਦੇ ਹਾਰ ਦੇ ਵਿਚ, ਫੁੱਲ ਜੋ ਵੀ ਟਹਿਕਦਾ।

ਕੀ ਕਰੇ ਉਹ ਚੂਰੀਆਂ ਨੂੰ, ਜਦ ਆਜ਼ਾਦੀ ਖੋਹ ਲਈ,
ਪਿੰਜਰੇ ਦੇ ਵਿਚ ਪਾ ਲਿਆ ਜੋ, ਕੀ ਪਰਿੰਦਾ ਚਹਿਕਦਾ।

ਰੋਕ ਲਈਆਂ ਸਭ ਨਿਆਈਂਆਂ, ਹੁਣ ਘਰਾਂ ਦੀ ਲੋੜ ਨੇ,
ਇਸ ਆਬਾਦੀ ਭੋਗ ਪਾਉਣਾ, ਧਰਤ ਸਾਰੀ ਵਹਿਕ ਦਾ।

ਟਿਕਣ ਦੇਵੇ ਚੋਬਰਾਂ ਨੂੰ, ਹੁਣ ਨਸ਼ੇ ਦੀ ਤਲਬ ਨਾ,
ਲੱਗਣੇ ਕੀ ਰੰਗ ਉੱਥੇ, ਜਾਮ ਜਿੱਥੇ ਠਹਿਕਦਾ।

ਹੁਣ ਟਟਹਿਣਾ ਫੜ੍ਹਨ ਲੱਗਾ, ਝਿਝਕਦਾ ਹੈ ਸ਼ਖਸ ਉਹ,
ਰੱਖ ਲੈਂਦਾ ਸੀ ਤਲ਼ੀ ’ਤੇ, ਜੋ ਅੰਗਾਰਾ ਦਹਿਕਦਾ।

✪

ਆਪ ਰਹਿਬਰ ਫੂਕ ਦਿੰਦੇ ਬਸਤੀਆਂ।
ਪੰਜ ਸਾਲੀਂ ਫੋਲ਼ਦੇ ਫਿਰ ਅਸਥੀਆਂ।

ਰੁੱਖ ਰੋਏ ਪੌਣ ਦੇ ਗਲ਼ ਲੱਗ ਕੇ,
ਜਦ ਬਹਾਰਾਂ ਨਾ ਦਹਾਕੇ ਪਰਤੀਆਂ।

ਜ਼ਰਦ ਚਿਹਰੇ ਅੱਖੀਆਂ ਨਮ ਹਰ ਤਰਫ਼,
ਸ਼ਹਿਰ ਅੰਦਰ ਹੋਣੀਆਂ ਕੀ ਵਰਤੀਆਂ।

ਅੱਗ ਲੱਗੀ ਹੈ ਸਮੇਂ ਨੂੰ ਇਸ ਕਦਰ,
ਪਰ ਜਲਾ ਕੇ ਤਿਤਲੀਆਂ ਘਰ ਪਰਤੀਆਂ।

ਬੋਰੀਆਂ ’ਤੇ ਬੈਠ ਪਾਈ ਵਿੱਦਿਆ,
ਟੋਭਿਆਂ ’ਤੇ ਪੋਚਦੇ ਸਾਂ ਤਖਤੀਆਂ।

ਪਿੰਡ ਮੇਰਾ ਸ਼ਹਿਰ ਬਣਦਾ ਜਾ ਰਿਹਾ,
ਦਿਨ ਸਮੇਂ ਹੀ ਬੰਦ ਬੂਹੇ ਖਿੜਕੀਆਂ।

ਹਾਰ ਮੰਨੀ ਸਿਦਕ ਮੇਰੇ ਨੇ ਕਦੋਂ,
ਸਿਦਕ ਹੱਥੋਂ ਹਾਰੀਆਂ ਨੇ ਸਖ਼ਤੀਆਂ।

✪

ਸਿਰ ਵਿਚ ਸੁਲਘਣ ਸੂਹੇ ਅੱਖਰ।
ਫਿਰ ਸ਼ਿਅਰਾਂ ਦੇ ਤੁਰਦੇ ਲਸ਼ਕਰ।

ਗਾਹ ਆਏ ਹਾਂ ਦਫ਼ਤਰ ਦਫ਼ਤਰ।
ਨੌਕਰੀਆਂ ਦੇ ਮੁੱਕੇ ਅਵਸਰ।

ਘਰ ਦੇ ਹਾਲਤ ਬਦ ਤੋਂ ਬਦਤਰ।
ਪੜ੍ਹ ਕੇ ਪੁੱਤ ਬਣੇ ਨਾ ਅਫ਼ਸਰ।

ਫਾਈਲ ਉੱਤੇ ਨੋਟ ਚੜ੍ਹੇ ਨਾ,
ਜਦ ਤਕ ਨੋਟ ਫੜ੍ਹੇ ਨਾ ਅਫ਼ਸਰ।

ਉਸ ਲੇਖਕ ਨੂੰ ਸੱਤ ਸਲਾਮਾਂ,
ਜਿਸ ਨੇ ਕਲਮ ਬਣਾਈ ਨਸ਼ਤਰ।

ਹੋ ਜਾਂਦੀ ਹੈ ਛਾਤੀ ਚੌੜੀ,
ਪੁੱਤ ਲਿਖੇ ਜਦ ਮੈਥੋਂ ਬਿਹਤਰ।

✪

ਸਾਡਾ ਕੁਤਰਾ ਕਰਕੇ ਬਣ ਲੈ ਗਾਜ਼ੀ ਤੂੰ।
ਸਾਡਾ ਕੀ ਹੈ ਕਰ ਲੈ ਰਾਂਝਾ ਰਾਜ਼ੀ ਤੂੰ।

ਮਰਦੇ ਦਮ ਤਕ ਸਿਦਕ ਮੇਰੇ ਨਾ 'ਸੀ' ਕੀਤੀ,
ਜਿੱਤ ਗਿਆ ਏ ਸਿਦਕ ਤੇ ਹਾਰੀ ਬਾਜ਼ੀ ਤੂੰ।

ਕਸ ਦੇਵੇਂ ਝੱਟ ਨਮਦੇ ਕੁਸਕੇ ਖ਼ਲਕਤ ਜੇ,
ਲੋਕ ਰਾਜ ਦਾ ਰਹਿਬਰ ਹੈਂ ਕਿ ਨਾਜ਼ੀ ਤੂੰ।

ਆਣ ਕਚਹਿਰੀ ਤੇਰੀ ਹੌਲ਼ਾ ਸੱਚ ਪਏ,
ਕੇਹੇ ਤੇਰੇ ਫਤਵੇ ਕੇਹਾ ਕਾਜ਼ੀ ਤੂੰ।

ਦੂਤ ਧਰਮ ਦਾ ਬਣ ਕੇ ਨਿੱਤ ਪਰਦੇਸ ਤੁਰੇਂ,
ਭੇਖ ਬਣਾ ਕੇ ਕਰੇਂ ਕਬੂਤਰਬਾਜ਼ੀ ਤੂੰ।

ਲ਼ੱਗਣ ਦੇਣ ਦੁਹਾਈਆਂ ਜਦ ਤੂੰ ਛੇੜੇਂ ਸੁਰ,
ਜਿਹੜੇ ਸਾਜ਼ ਵਜਾ ਕੇ ਬਣਦੈਂ ਸਾਜ਼ੀ ਤੂੰ।

ਹੂਰਾਂ ਪਿੱਛੇ ਹੁੰਨੈਂ ਹੂਰੋ ਹੂਰੀ ਵੀ,
ਸ਼ਾਮੀ ਠੇਕੇ ਵਿਚ ਤੇ ਦਿਨੇ ਨਮਾਜ਼ੀ ਤੂੰ।

✪

ਉਨ੍ਹਾਂ ਦੀ ਸ਼ਾਨ ਸ਼ੌਕਤ ਹੈ, ਜਿਨ੍ਹਾਂ ਦੇ ਕੋਲ ਤਾਕਤ ਹੈ।
ਨਾ ਪੁਛਦਾ ਓਸ ਨੂੰ ਕੋਈ, ਨਿਰਾ ਜੋ ਨੇਕ ਮੂਰਤ ਹੈ।

ਤਿਰੰਗੀ ਕਾਰ 'ਤੇ ਝੁਲਦੀ, ਤਿਜੌਰੀ ਰੋਜ਼ ਹੈ ਭਰਦੀ,
ਬਣਾਈ ਭੱਲ ਇਹ ਕਿੱਦਾਂ, ਗਲ਼ੇ ਵਿਚ ਤੌਕ ਤੁਹਮਤ ਹੈ।

ਚੜ੍ਹਾਵਾ ਚਾੜ੍ਹੀਏ ਜੇ ਨਾ, ਮਿਲਾਉਂਦੇ ਅੱਖ ਨਾ ਮੁੱਲਾਂ,
ਖੜ੍ਹੀ ਨਾ ਦਫ਼ਤਰਾਂ ਤੀਕਰ, ਮਸੀਤਾਂ ਤੀਕ ਰਿਸ਼ਵਤ ਹੈ।

ਧਰੇਕਾਂ ਮੌਲੀਆਂ ਏਦਾਂ, ਕਿ ਕੰਧਾਂ ਬੌਨੀਆਂ ਹੋਈਆਂ,
ਸਤਾਉਂਦਾ ਫਰਜ਼ ਤੋਰਨ ਦਾ, ਉਡਾਉਂਦੀ ਨੀਂਦ ਗੁਰਬਤ ਹੈ।

ਜੁੜੇ ਨਾ ਰੱਜਵੀ ਰੋਟੀ, ਜੁੜੇ ਨਾ ਪੈਰ ਨੂੰ ਜੁੱਤੀ,
ਜੁੜੇ ਨਾ ਕਾਫਲੇ ਫਿਰ ਵੀ, ਗਰਾਂ ਵਿਚ ਘੋਰ ਗੁਰਬਤ ਹੈ।

ਸਿਰਾਂ 'ਤੇ ਤਿੱਖੀਆਂ ਧੁੱਪਾਂ, ਪਰੁੰਨ੍ਹੇ ਪੈਰ ਖਾਰਾਂ ਨੇ,
ਤੁਰੇ ਹਾਂ ਤਾਣ ਕੇ ਸੀਨਾ, ਤੁਰੀ ਜਦ ਨਾਲ ਹਿੰਮਤ ਹੈ।

✪

ਸਤ ਕੇ ਸੱਤ ਬਿਗਾਨਾ ਘਰ ਚੋਂ ਦਿੱਤਾ ਸ਼ਿਸ਼ਕਰ ਸੀ।
ਆਪਣਿਆਂ ਕਰ ਦਿੱਤੀ ਹਾਲਤ, ਬਦ ਤੋਂ ਬਦਤਰ ਸੀ।

ਜਾਂਦਾ ਜਾਂਦਾ ਸ਼ਾਤਰ ਕਿੰਨੇ ਕੰਡੇ ਬੀਜ ਗਿਆ,
ਔੜਾਂ ਮਾਰੀ ਧਰਤੀ ਉਸ ਨੇ, ਵੇਖੀ ਵੱਤਰ ਸੀ।

ਬੰਦ ਰਹੇ ਜੇ ਤੀਜਾ ਨੇਤਰ, ਮੌਜ ਸਿਆਸਤ ਨੂੰ,
ਤਾਂ ਹੀ ਉਹਨਾਂ ਹੁਣ ਤਕ ਕੀਤਾ, ਅੱਧ ਨਾ ਸਾਖਰ ਸੀ।

ਇਕ ਵੀ ਇੱਟ ਨਾ ਲਾਈ ਉਸਨੇ, ਏਸ ਇਮਾਰਤ ’ਤੇ,
ਆਪਣਾ ਨਾਂ ਖੁਣਵਾ ਕੇ ਜਿਸ ਨੇ, ਲਾਇਆ ਪੱਥਰ ਸੀ।

ਪੋਰਸ ਦੇ ਉੱਤਰ ਨੇ ਦਿੱਤੀ, ਹਾਰ ਸਿਕੰਦਰ ਨੂੰ,
ਬੇਸ਼ਕ ਪੋਰਸ ਕੈਦੀ ਬਣਿਆ, ਹਰਿਆ ਲਸ਼ਕਰ ਸੀ।

ਉਸ ਪਲ ਝੂਠੇ ਦਿਲਜਾਨੀ ਦਾ ਚਿਹਰਾ ਉਤਰ ਗਿਆ,
ਜਦ ਉਸ ਤੱਕਿਆ ਸਾਡੀ ਹਾਲਤ, ਹੋਈ ਬਿਹਤਰ ਸੀ।

ਉਸ ਦੇ ਅੱਖੀਂ ਘੱਟਾ ਕੋਈ ਕਿੱਦਾਂ ਪਾ ਜਾਂਦਾ,
ਜਿਸ ਵੇਖੀ ਸੀ ਦੁਨੀਆਂ ਜਿਸ ਦੀ ਅੱਖ ‘ਚ ਅੱਖਰ ਸੀ।

✪

ਵੇਖ ਕਿਸ ਨੂੰ ਦੇ ਰਿਹਾ ਉਹ ਲੋਰੀਆਂ।
ਜਿਸ ਖ਼ੁਦਾ ’ਤੇ ਛੱਡੀਆਂ ਤੂੰ ਡੋਰੀਆਂ।

ਪੁੱਟ ਬਹਿੰਦੇ ਹਾਂ ਨਵਾਂ ਇਕ ਹੋਰ ਖ਼ੂਹ,
ਮੁੰਦੀਆਂ ਨਾ ਜਾਣ ਹਾਲੇ ਮੋਰੀਆਂ।

ਜ਼ਿੰਦਗੀ ਇਹ ਬੇ-ਮਜ਼ਾ ਹੋ ਜਾਏਗੀ,
ਜੇ ਗਰਾਂ ਚੋਂ ਤੰਗੀਆਂ ਨਾ ਤੋਰੀਆਂ।

ਕਰ ਗਈ ਬਰਬਾਦ ਸਾਨੂੰ ਦੁਸ਼ਮਣੀ,
ਹੁਣ ਭਰਾਵਾ ਛੱਡ ਬਦਲਾ ਖੋਰੀਆਂ।

ਭੁਗਤਦਾ ਹੈ ਦਿਲ ਵਿਚਾਰਾ ਹੁਣ ਸਜ਼ਾ,
ਅੱਖੀਆਂ ਨੇ ਕੀਤੀਆਂ ਸੀ ਚੋਰੀਆਂ।

ਹੁਣ ਉਨ੍ਹਾਂ ’ਤੇ ਰੂਪ ਚਾੜ੍ਹੇ ਧਾਤ ਕੀ,
ਪੈ ਗਈਆਂ ਨੇ ਪੀਲ਼ੀਆਂ ਜੋ ਗੋਰੀਆਂ।

ਵੇਖ ਕਿੰਨੇ ਛੇਕ ਸੀਨੇ ਸਹਿੰਦੀਆਂ,
ਬਣਦੀਆਂ ਨੇ ਬੰਸਰੀ ਜੋ ਪੋਰੀਆਂ।

✪

ਆਖੋ ਸ਼ਹਿਰ ਅਮੀਰ ਨੂੰ, ਸਾਂਭੇ ਇਹ ਅਨੁਦਾਨ।
ਫੁੱਟ ਪਾਥਾਂ ਤੇ ਖਿੱਲਰੀ, ਇਨਸਾਨਾਂ ਦੀ ਭਾਨ।

ਸੱਚੀ ਸੁੱਚੀ ਕਿਰਤ ਨੂੰ, ਮਿਲ਼ਿਆ ਇਹ ਸਨਮਾਨ।
ਖਾਲੀ ਘਰ ਦੇ ਬੋਝ ਨੇ ਕੀਤੀ ਕਮਰ ਕਮਾਨ।

ਦੂਤ ਤੁਰਨ ਦੋ ਦਰਦ ਦੇ, ਰਾਹ ਵਿਚ ਮੁੱਕੇ ਜਾਨ।
ਧਰਤ ਹਿਲਾਵੇ ਹੰਝ ਨਾ, ਨਾ ਹਉਕਾ ਅਸਮਾਨ।

ਹੁਣ ਤਾਂ ਸਹਿਮਤ ਰਹਿਣ ਨਾ, ਕੰਧਾਂ ਨਾਲ ਲਿਓੜ,
ਰੋਸ ਰਸੋਈ ਨੂੰ ਰਹੇ, ਥੁੜਿਆ ਰਹੇ ਸਮਾਨ।

ਛੇੜੇ ਥਲ ਨੂੰ ਮੇਘਲਾ, ਅੱਖ ਮਟੱਕੇ ਨਾਲ਼,
ਰੱਬ ਸਬੱਬੀ ਬਣਦੀਆਂ, ਕੁੱਝ ਕਣੀਆਂ ਮਹਿਮਾਨ।

ਇਸ ਨੂੰ ਉੱਚਾ ਚੁੱਕੀਏ, ਹੋ ਕੇ ਪੱਬਾਂ ਭਾਰ,
ਸਾਡੇ ਨੰਗ ਨਚੋੜਦਾ, ਸਾਡਾ ਦੇਸ਼ ਮਹਾਨ।

ਅਜਕੱਲ ਰਿਸ਼ਤੇ ਖ਼ੂਨ ਦੇ, ਨਿਭਦੇ ਉਹਦੇ ਨਾਲ਼,
ਜਿਸ ਖਾਤਰ ਅਰਮਾਨ ਵੀ, ਕਰ ਦੇਈਏ ਕੁਰਬਾਨ।

ਮਨ ਮੇਲਣ ਨਾ ਸ਼ਹਿਰੀਏ, ਦੂਰੋਂ ਸਾਹਬ ਸਲਾਮ,
ਕਸ ਕੇ ਰੱਖਣ ਦੂਰੀਆਂ, ਨਾਲ਼ੋਂ ਨਾਲ਼ ਮਕਾਨ।

✪

ਸਿਤਮ ਸਿਰੇ ਦਾ ਸਹਿ ਕੇ ਆਖੇਂ ਉਹਿ ਜਾਣੇ'।
ਏਸ ਤਰ੍ਹਾਂ ਹੀ ਸਿਰ ਚੜ੍ਹਦੇ ਹਨ 'ਲਹਿ ਜਾਣੇ'।

ਖੋਹ ਲੈਣੇ ਸਭ ਆਪਣੇ ਖੇਤ ਨਦੀਨਾਂ ਨੇ,
ਬੋਦੇ ਫੜ ਫੜ ਜੇ ਨਾ ਪੁੱਟੇ ਢਹਿ ਜਾਣੇ।

ਕਿਰਦੇ ਹੰਝੂ ਕਰਦੇ ਕਹਿਰ ਕਰੰਡ ਨਹੀਂ,
ਏਸ ਝੜੀ ਵਿਚ ਸੁੰਦਰ ਸੁਪਨੇ ਵਹਿ ਜਾਣੇ।

ਕੀ ਹੋਇਆ ਜੇ ਹੋਠਾਂ ਤੋਂ ਨਾ ਬੋਲ ਕਿਰੇ,
ਦਰਦ ਦਿਲਾਂ ਦੇ ਅੱਖਾਂ ਨੇ ਵੀ ਕਹਿ ਜਾਣੇ।

ਮਾਵਾਂ ਤੋਂ ਪੁੱਤ ਖੋਹ ਲੈਣੇ ਹਨ ਪੌਂਡਾਂ ਨੇ,
ਬਸ ਫੋਨਾਂ ਦੇ ਨੰਬਰ ਪੱਲੇ ਰਹਿ ਜਾਣੇ।

ਸਹਿ ਲੈ ਹਾਲੇ ਕੁਝ ਚਿਰ ਚੋਭ ਕਸੀਰਾਂ ਦੀ,
ਜਦ ਵੀ ਪਿੜ ਵਿਚ ਗਾਹ ਪਾਇਆ ਸਭ ਗਹਿ ਜਾਣੇ।

ਨੰਗ ਮੁਲੰਗਾਂ ਜਦ ਵੀ ਅੱਗ ਮਚਾ ਦਿੱਤੀ,
ਇਸ ਜੰਗਲ ਵਿਚ ਬੁਕਦੇ ਸਭ ਸ਼ੀਂਹ ਸ਼ਹਿ ਜਾਣੇ।

ਘੇਰ ਲਏ ਜਦ ਉੱਠੇ ਤੇਜ਼ ਤੁਫਾਨਾਂ ਨੇ,
ਉੱਚੇ ਪਰਬਤ ਖੜ੍ਹੇ ਖੜੋਤੇ ਰਹਿ ਜਾਣੇ।

✪

ਤੁਰ ਪਈ ਜਦ ਨਾਲ਼ ਸਾਡੇ ਬੁਜ਼ਦਿਲੀ।
ਤਦ ਕਿਨਾਰਾ ਕਰ ਗਈ ਇਹ ਜ਼ਿੰਦਗੀ।

ਖ਼ੁਦ ਬਿਠਾ ਕੇ ਡੇਰਿਆਂ ਵਿਚ ਕਲ਼ਯੁਗੀ।
ਭਾਲ਼ਦਾ ਹੈਂ ਹੁਣ ਖ਼ੁਦਾ ਤੂੰ ਬੰਦਗ਼ੀ।

ਸਭ ਦਿਲਾਂ ਦੇ ਬੰਦ ਬੂਹੇ ਹੀ ਮਿਲ਼ੇ,
ਕੀ ਕਿਸੇ ਦੇ ਨਾਲ਼ ਕਰਦੇ ਦਿਲਲਗੀ।

ਰਹਿਬਰਾਂ ਦੇ ਇਹ ਸਿਆਸੀ ਚੋਚਲੇ,
ਵਸਤਰਾਂ ’ਚੋਂ ਝਲਕਦੀ ਜੋ ਸਾਦਗੀ।

ਘੋਲ਼ਦੇ ਹਾਂ ਜ਼ਹਿਰ ਆਪਾਂ ਰਾਤ ਦਿਨ,
ਫਿਰ ਹਵਾ ਚੋਂ ਭਾਲ਼ਦੇ ਹਾਂ ਤਾਜ਼ਗੀ।

ਲੋਕ ਸਮਝਣ ਰੱਬ ਜਿਹੜੇ ਸਾਧ ਨੂੰ,
ਪੇਟ ਖਾਤਰ ਉਹ ਵਜਾਵੇ ਡੁਗਡੁਗੀ।

ਸੇਜ ਸੂਲ਼ਾਂ ਦੀ ਕਹੇ ਉਹ ਜਾਣ ਕੇ,
ਆ ਗਈ ਜਿਸ ਹੇਠ ਗੱਦੀ ਗੁਦਗੁਦੀ।

✪

ਇਸ ਦੁਨੀਆਂ ਨੂੰ ਸਾਜਦਾ, ਜੇ ਕੋਈ ਕਰਤਾਰ।
ਕਿਉਂ ਕਿਰਤੀ 'ਤੇ ਸੁੱਟਦਾ, ਕੁੱਲ ਦੁਨੀਆਂ ਦਾ ਭਾਰ।

ਹੁਣ ਨਾ ਰਿਸ਼ਤੇ ਖ਼ੂਨ ਦੇ, ਦਿੰਦੇ ਨਿੱਘ ਪਿਆਰ।
ਦਿਲ ਦੇ ਰਿਸ਼ਤੇ ਨਾਲ਼ ਹੀ, ਹਿੱਲੇ ਦਿਲ ਦੀ ਤਾਰ।

ਧਾਹਾਂ ਮਾਰਨ ਗੀਤ ਵੀ, ਥਰ ਥਰ ਕੰਬਣ ਸਾਜ਼,
ਪੈਂਦੀ ਹੁਣ ਸੰਗੀਤ ਨੂੰ, ਬੇਸੁਰਿਆਂ ਦੀ ਮਾਰ।

ਸਾਂਝ ਹਨੇਰੇ ਨਾਲ਼ ਹੈ, ਵੈਰ ਚਾਨਣੀ ਨਾਲ਼,
ਚਮਕੇ ਕਾਲਖ ਨਾਲ ਹੀ, ਰਹਿਬਰ ਦਾ ਕਿਰਦਾਰ।

ਸਾਂਝ ਰਗਾਂ ਦੇ ਖ਼ੂਨ ਦੀ, ਪਤਲੀ ਪਾਣੀ ਵਾਂਗ,
ਮਾਇਆ 'ਕੱਠੀ ਕਰਨ ਦਾ, ਸਭ 'ਤੇ ਭੂਤ ਸਵਾਰ।

ਕਿਸ ਨੇ ਪੂਰਾ ਤੋਲਣਾ, ਕੀ ਮਿਲ਼ਣਾ ਇਨਸਾਫ਼,
ਵੇਚਣ ਦੀਨ ਈਮਾਨ ਹੀ, ਜਿੱਥੇ ਡੰਡੀਮਾਰ।

ਕਿੰਨੀ ਪੱਥਰ ਚਿੱਤ ਸੀ, ਦਰਿਆ ਦੀ ਉਹ ਮੌਜ,
ਸਾਡਾ ਬੇੜਾ ਡੋਬ ਕੇ, ਖ਼ੁਦ ਜਾ ਲੱਗੀ ਪਾਰ।

✪

ਪੁੱਤ ਕਰਦੇ ਰਹਿਣ ਸੌ ਅਲਗਰਜ਼ੀਆਂ।
ਕਦ ਅਸੀਸਾਂ ਜਾਣ ਮਾਂ ਤੋਂ ਵਰਜ਼ੀਆਂ।

ਕੌਣ ਪਰਤੇ ਡਾਲਰਾਂ ਦੇ ਦੇਸ ਤੋਂ,
ਫ਼ੋਨ ਰਾਹੀਂ ਬੱਸ ਅਵਾਜ਼ਾਂ ਪਰਤੀਆਂ।

ਪੇਕਿਆਂ ਦੇ ਹੌਲ ਪੈਂਦੇ ਨਾ ਕਦੇ,
ਘਰ ਬਿਗਾਨੇ ਪੁਗਦੀਆਂ ਜੇ ਮਰਜ਼ੀਆਂ।

ਗਮਲਿਆਂ ਵਿਚ ਗ਼ਮ ਉਗਾਏ ਹਰ ਕਿਸੇ,
ਇਸ ਗ਼ਰਾਂ ਤੇ ਹੋਣੀਆਂ ਕੀ ਵਰਤੀਆਂ।

ਗਿੱਠ ਭੋਂਏ ਨਾ ਮਿਲੀ ਇਸ ਧਰਤ ’ਤੇ,
ਕੀ ਅਸਾਨੂੰ ਭਾਅ ਜੇ ਲੱਖਾਂ ਧਰਤੀਆਂ।

ਫੁੱਲ ਸੂਹੇ ਟਹਿਕਣੇ ਸੀ ਏਸ ਥਾਂ,
ਰੱਕੜਾਂ ਵਿਚ ਬੀਜਦੇ ਜੇ ਤਲਖ਼ੀਆਂ।

✪

ਰਾਹਾਂ ਵਿਚ ਉਹ ਏਨੇ ਖ਼ਾਰ ਖਿਲਾਰ ਗਏ।
ਚੁਗਦੇ ਚੁਗਦੇ ਸਾਡੇ ਪੋਟੇ ਹਾਰ ਗਏ।

ਹਰ ਬਸਤੀ ਵਿਚ ਪਹਿਲਾਂ ਨੇਕ ਵਿਚਾਰ ਗਏ।
ਉਸ ਪਿੱਛੋਂ ਹੀ ਹੱਥਾਂ ਵਿਚ ਹਥਿਆਰ ਗਏ।

ਕੀ ਚਿੰਤਾ ਹੈ ਉਹਨਾਂ ਨੂੰ ਇਸ ਗਿਣਤੀ ਦੀ,
ਕਿੰਨੇ ਖੰਜਰ ਸਾਡੇ ਦਿਲ 'ਚੋਂ ਪਾਰ ਗਏ।

ਸਾਡੇ ਵਿਹੜੇ ਧੁੱਪਾਂ ਨੇ ਕੀ ਵੜਨਾ ਸੀ,
ਜਦ ਸੂਰਜ ਨੂੰ ਧਗੜੇ ਦਬਕਾ ਮਾਰ ਗਏ।

ਡੋਬ ਗਏ ਉਹ ਸਾਨੂੰ ਗ਼ਮ ਦੇ ਸਾਗਰ ਵਿਚ,
ਦਿਲ ਦਰਿਆ 'ਚੋਂ ਤਰ ਕੇ ਜਿਹੜੇ ਪਾਰ ਗਏ।

ਖੁੱਲ ਖੁੱਲ ਖੂੰਜੇ ਲਾ ਕੇ ਅੜਿਆਂ ਥੁੜਿਆਂ ਨੂੰ,
ਕੁੱਲ ਧਰਤੀ 'ਤੇ ਸ਼ਾਤਰ ਪੈਰ ਪਸਾਰ ਗਏ।

✪

ਹਰ ਮੁਸ਼ਕਲ ਹੱਲ ਹੋ ਸਕਦੀ ਹੈ।
ਜੇ ਕੁਝ ਚੱਕਥੱਲ ਹੋ ਸਕਦੀ ਹੈ।

ਇਕ ਨਾ ਇਕ ਦਿਨ ਫਿਰਨੇ ਇਹ ਦਿਨ,
ਕੇਵਲ ਅਜਕੱਲ੍ਹ ਹੋ ਸਕਦੀ ਹੈ।

ਬੇਸ਼ਕ ਪੈਰ ਪੈਰ ਤੇ ਪਹਿਰੇ,
ਫਿਰ ਵੀ ਹਲਚਲ ਹੋ ਸਕਦੀ ਹੈ।

ਏਸ ਤਰ੍ਹਾਂ ਜੇ ਫੈਲੀ ਖੁਸ਼ਕੀ,
ਹਰ ਅੱਖ ਜਲਥਲ ਹੋ ਸਕਦੀ ਹੈ।

ਰੱਖ ਭਰੋਸਾ ਹਲਵਾਹਾਂ 'ਤੇ,
ਧਰਤੀ ਸਮਤਲ ਹੋ ਸਕਦੀ ਹੈ।

ਯੋਧੇ ਜੰਮਦੇ ਵਿਰਲੇ ਦਿਨ ਹੀ,
ਕੁਰਬਲ ਕੁਰਬਲ ਹੋ ਸਕਦੀ ਹੈ।

ਹੋ ਸਕਦੀ ਹੈ ਦਾਗ਼ੀ ਮਮਤਾ,
ਕੁੱਖ ਵੀ ਮਕਤਲ ਹੋ ਸਕਦੀ ਹੈ।

✪

ਰੋਹੀ ਦੇ ਵਿਚ ਰਾਤ ਪਈ ਹੈ।
ਫਿਰ ਵੀ ਇਹ ਮਨ ਸ਼ਾਂਤਮਈ ਹੈ।

ਕੀ ਬੀਤੀ ਹੈ ਇਸ ਗੁਲਸ਼ਨ ’ਤੇ,
ਬੇਪੱਤਰੀ ਹਰ ਸ਼ਾਖ ਪਈ ਹੈ।

ਅੱਗੇ ਲੱਗ ਤੁਰਿਆ ਹੈ ਨੇਰ੍ਹਾ,
ਜਿੱਧਰ ਵੀ ਪ੍ਰਭਾਤ ਗਈ ਹੈ।

ਇਸ ਵਿਚਲੇ ਦੁੱਖ ਕੌਣ ਸੁਣੇਗਾ,
ਜੋ ਅਣਪਾਈ ਬਾਤ ਪਈ ਹੈ।

ਕਿੰਨਾ ਪਿੱਛੇ ਫਿਰਦਾ ਹੈ ਉਹ,
ਜਿਸ ਦੇ ਪਿੱਛੇ ਜ਼ਾਤ ਪਈ ਹੈ।

ਕਰ ਸਕਦੇ ਹਨ ਸਭ ਕੁਝ ਦੁਖੀਏ,
ਪਰ ਏਕੇ ਦੀ ਘਾਟ ਪਈ ਹੈ।

ਜਾਨ ਪਏ ਤਦ ਕੱਖਾਂ ਵਿਚ ਵੀ,
ਜਦ ਸੂਰਜ ਦੀ ਝਾਤ ਪਈ ਹੈ।

✪

ਏਸ ਉਦਾਸੇ ਘਰ ਵਿਚ ਕਿਸ ਬਿਧ, ਮਹਿਫ਼ਲ ਭਖ਼ਦੀ ਹੋ ਜਾਏ।
ਤੁਰਤ ਨਤੀਜੇ ਭਾਲ਼ਦਿਆਂ ਦੀ ਮਿਹਨਤ ਮਿੱਟੀ ਹੋ ਜਾਏ।

ਸਿਰ ਚੁੱਕੇਗਾ ਕਿਹੜਾ ਉੱਥੇ ਕੌਣ ਫੜੇ ਬਾਂਹ ਦੁਖੀਏ ਦੀ,
ਖੌਫ਼ ’ਚ ਡੁੱਬੀ ਨਗਰੀ ਹੀ ਜਦ ਗੂੰਗੀ ਬਹਿਰੀ ਹੋ ਜਾਏ।

ਕਦ ਤਕ ਸੇਕ ਉਧਾਰਾ ਲੈ ਕੇ ਗੁਜ਼ਰ ਕਰੋਗੇ ਹਮਸਫ਼ਰੋ,
ਠੰਢੇ ਚੁੱਲ੍ਹੇ ਖਾਤਰ ਹੁਣ ਤਾਂ ਗਰਮਾ ਗਰਮੀ ਹੋ ਜਾਏ।

ਜੋ ਕੋਈ ਵੀ ਕਦਰਾਂ ਦੀ ਥਾਂ ਪਿੱਛੇ ਪੈ ਜਾਏ ਸ਼ੋਹਰਤ ਦੇ,
ਓਸ ਵਿਕਾਊ ਬੰਦੇ ਦੀ ਫਿਰ ਕੀਮਤ ਕੌਡੀ ਹੋ ਜਾਏ।

ਨਿੰਬੂ ਵਾਂਗ ਨਿਚੋੜੋ ਖ਼ਲਕਤ ਇਹ ਨੀਤੀ ਬਦਨੀਤਾਂ ਦੀ,
ਦੁਨੀਆਂ ਭਰ ਦੀ ਦੌਲਤ ਚਾਹੁੰਦੇ ਇੱਕ ਥਾਂ ਢੇਰੀ ਹੋ ਜਾਏ।

ਹੁਣ ਠੱਕੇ ਵਿਚ ਤਨ ਠਰਦਾ ਹੈ, ਕਿਧਰੋਂ ਨਿੱਘ ਤਲਾਸ਼ ਕਰੋ,
ਧੁਖਦੀ ਧੂਣੀ ਨੂੰ ਫੋਲ਼ੋ ਹੁਣ, ਤਾਂ ਕਿ ਬਲ਼ਦੀ ਹੋ ਜਾਏ।

ਸਬਰ ਸਬੂਰੀ ਕਰ ਕੇ ਆਪਾਂ ਕਦ ਤੋਂ ਥੱਲੇ ਲੱਗੇ ਹਾਂ,
ਥੱਲੇ ਲਾਹੀਏ ਸਿਰ ਚੜ੍ਹਿਆਂ ਨੂੰ ਅਦਲਾ ਬਦਲੀ ਹੋ ਜਾਏ।

✪

ਭੋਰਾ ਧਰਤ ਮਿਲੀ ਨਾ ਉਸ ਨੂੰ ਦੱਬਣ ਨੂੰ।
ਫਿਰਦਾ ਸੀ ਜੋ ਇਸ 'ਤੇ ਝੰਡੇ ਗੱਡਣ ਨੂੰ।

ਕਦੇ ਕਦਾਈਂ ਪਹਿਨਣ ਦੇਵੇ ਹਾਸਾ ਤਾਂ,
ਦਿੱਤੀ ਦਾਤ ਉਦਾਸੀ ਸ਼ਾਹ ਨੇ ਰੱਖਣ ਨੂੰ।

ਖਿੜਦਾ ਸੀ ਜੋ ਖੇਤੀਂ ਨਾਲ ਕਪਾਹਾਂ ਦੇ,
ਲਾਸ਼ ਓਸ ਦੀ ਤਰਸ ਰਹੀ ਹੈ ਖੱਫ਼ਣ ਨੂੰ।

ਆਥਣ ਉੱਗਣ ਢੋਲ ਡਕਾਰੇ ਧਾਰਾਂ ਨੂੰ,
ਚੇਤੇ ਕਰਦੈ ਬਾਪੂ ਘਰ ਦੇ ਮੱਖਣ ਨੂੰ।

ਛੱਲੇ ਵਾਂਗ ਸਜਾਈ ਫਿਰਦਾਂ ਚੀਚੀ 'ਤੇ,
ਫੇਰ ਫੇਰ ਕੇ ਰੰਦਾ ਪੱਕੇ ਅੱਟਣ ਨੂੰ।

ਉੱਥੇ ਬਹਿ ਕੇ ਪੋਤੀ ਪੁਸਤਕ ਪੜ੍ਹਦੀ ਹੈ,
ਜਿੱਥੇ ਚਰਖਾ ਡਾਹੁੰਦੀ ਸੀ ਮਾਂ ਕੱਤਣ ਨੂੰ।

✪

ਸ਼ੁਹਰਤ ਮਾਇਆ ਨਾਲ਼ ਸਦਾ ਉਹ ਮਾਲਾਮਾਲ ਰਹੇ।
ਸੰਗਤ ਸਣੇ ਸਿਆਸਤ ਵਿੱਚ ਜੋ ਸੰਤ ਭਿਆਲ਼ ਰਹੇ।

ਆਪਣੇ ਹੇਠ ਹਨੇਰਾ ਰੱਖਣਾ ਜਿਸ ਦਾ ਧਰਮ ਰਿਹਾ,
ਉਸ ਦੀਵੇ ਤੋਂ ਇਹ ਨ੍ਹੇਰੇ ਘਰ ਚਾਨਣ ਭਾਲ਼ ਰਹੇ।

ਕਿੰਝ ਬੁਝਾਵੇਗੀ ਇਹ ਧਰਤੀ ਪਿਆਸ ਮੁਹੱਬਤ ਦੀ,
ਜੇਕਰ ਏਦਾਂ ਹੀ ਨਫ਼ਰਤ ਦੇ ਵਗਦੇ ਖਾਲ਼ ਰਹੇ।

ਫੁੱਲਾਂ ਕਲੀਆਂ ਤੇ ਮਹਿਕਾਂ ਨੂੰ ਰੇਤ ਮਧੋਲੇਗੀ,
ਜਿਸ ਗੁਲਸ਼ਨ ’ਤੇ ਔੜ ਕਰੋਪੀ ਸਾਲਾਂ ਸਾਲ ਰਹੇ।

ਕਰਦੇ ਰਹੇ ਵਿਖਾਵਾ ਰਹਿਬਰ ਦੀਵੇ ਸੀਖਣ ਦਾ,
ਪਰ ਅਮਲਾਂ ਵਿੱਚ ਘਿਉ ਖਿਚੜੀ ਉਹ ਕਾਲਖ਼ ਨਾਲ਼ ਰਹੇ।

ਕੱਚਾ ਚੱਬਣ ਲਈ ਦੋਖੀ ਨੂੰ ਦੰਦ ਕਰੀਚੇ ਉਹ,
ਜਿਸ ਬਾਬੇ ਦੀ ਥਾਲ਼ੀ ਦੇ ਵਿਚ ਦਲ਼ੀਆਂ ਦਾਲ਼ ਰਹੇ

ਉਹਨਾਂ ਖਾਤਰ ਨਸ਼ਿਆਂ ਦੇ ਨੈਂਅ ਵਗਦੀ ‘ਗੰਗਾ’ ਹੈ,
ਗਾਲ਼ ਗਾਲ਼ ਕੇ ਜੋਬਨ ਜਿਹੜੇ ਸਿੱਕੇ ਢਾਲ਼ ਰਹੇ।

✪

ਸਾਂਭ ਰੱਖੇ ਮਹਿਰਮਾਂ ਉਹ ਮੈਂ ਅਜੇ।
ਜ਼ਖ਼ਮ ਜਿਹੜੇ ਦੇ ਗਿਆ ਸੀ ਤੂੰ ਕਦੇ।

ਓਸ ਦਿਲ ਨੇ ਬੇ-ਸੁਰਾ ਹੀ ਧੜਕਣਾ,
ਵਿਲਕਦੇ ਹੀ ਰਹਿਣ ਜਿਸ ਦੇ ਵਲਵਲੇ।

ਹੂੰਝ ਕੇ ਉਹ ਨਿਹਮਤਾਂ ਸਭ ਲੈ ਗਿਆ,
ਜਿਸ ਖਿਲਾਰੇ ਹਰ ਤਰ੍ਹਾਂ ਤੇ ਵਿਤਕਰੇ।

ਹਾਲ ਸਾਡਾ ਵੇਖ ਕੇ ਉਹ ਚਹਿਕਦਾ,
ਰੱਖਿਆ ਹੈ ਜਿਸ ਅਸਾਨੂੰ ਸਹਿਕਦੇ।

ਲਾਜ਼ਮੀ ਹੈ ਲਮਕਣਾ ਮੂੰਹ ਓਸ ਦਾ,
ਜਿਸ ਕਿਸੇ ਦੇ ਮਾਮਲੇ ਸਭ ਲਮਕਦੇ।

ਇਸ ਉਦਾਸੀ ਤੋਂ ਛੁਡਾਈਏ ਜਾਨ ਹੁਣ,
ਵਿਹੜਿਆਂ 'ਚੋਂ' ਜ਼ਰਦ ਪੱਤੇ ਹੂੰਝ ਕੇ।

✪

ਗੀਤਾਂ ਗ਼ਜ਼ਲਾਂ ਦਾ ਕੁਨਬਾ ਤਦ, ਕਾਗਜ਼ ਤੇ ਆਬਾਦ ਮਿਲ਼ੇ।
ਜਦ ਸ਼ਾਇਰ ਦੇ ਧੁਰ ਅੰਦਰ ਨੂੰ, ਮਸਲੇ ਦੀ ਫਰਿਆਦ ਮਿਲ਼ੇ।

ਦਾਤ ਕਲਾ ਦੀ ਕੁਦਰਤ ਦੇਵੇ, ਸਾਜ਼ ਸਜ਼ਿੰਦੇ ਭਰਦੇ ਰੰਗ,
ਰਚਦਾ ਹੈ ਪਰ ਰਾਗ ਰਗਾਂ ਵਿੱਚ, ਜਦ ਚੰਗਾ ਉਸਤਾਦ ਮਿਲ਼ੇ।

ਥਾਂ-ਥਾਂ ਮੱਥੇ ਰਗੜਣ ਮਾਪੇ, ਕੁੱਖ ਸੁਲੱਖਣੀ ਕਰ ਦਾਤਾ,
ਮੋੜ ਦੇਣ ਪਰ ਦਾਤ ਖ਼ੁਦਾ ਨੂੰ, ਜੇ ਮਾਦਾ ਔਲ਼ਾਦ ਮਿਲ਼ੇ।

ਸੰਘ 'ਚ ਸੁਕਦੀ ਚੀਂ ਚੀਂ ਉਸ ਪਲ, ਭੁੱਲਣ ਭੁੱਖਾਂ ਤੇਹਾਂ ਵੀ,
ਜਦ ਚਿੜੀਆਂ ਨੂੰ ਚੋਗੇ ਦੀ ਥਾਂ, ਖ਼ੁਦ ਭੁੱਖਾ ਸੱਯਾਦ ਮਿਲ਼ੇ।

ਤੁਕਬੰਦੀ 'ਤੇ ਚਰਚਾ ਦੀ ਤੁਕ, ਲੱਗੇ ਨਾ ਵਿਦਵਾਨਾਂ ਨੂੰ,
ਵਾਦ ਵਿਵਾਦ ਭਖੇ ਉਸ ਵੇਲ਼ੇ, ਜਦ ਲਿਖਤਾਂ ਵਿਚ ਵਾਦ ਮਿਲ਼ੇ।

ਮੰਤਰ ਨਾਲ ਨਾ ਤੰਤਰ ਬਦਲੇ, ਅਦਲਾ ਬਦਲੀ ਤਦ ਹੋਵੇ,
ਸੀਖਾਂ ਪਿੱਛੇ ਹੋਣ ਸ਼ਿਕਾਰੀ, ਹਰ ਪੰਛੀ ਆਜ਼ਾਦ ਮਿਲ਼ੇ।

ਕਵੀ ਹਮਾਤੜ ਵੀ ਚਾਹੁੰਦੇ ਹਨ, ਕਰਨ ਸਰੋਤੇ ਵਾਹ ਵਾਹ ਵਾਹ,
ਬੇਸ਼ਕ ਹੋਵੇ ਮੂੰਹ ਰੱਖਣ ਨੂੰ, ਪਰ ਮੂੰਹ ਮੰਗੀ ਦਾਦ ਮਿਲ਼ੇ।

✪

ਨਾ ਭੁੱਖੇ ਨੂੰ ਰੋਟੀ ਲੱਭੇ, ਨਾ ਠਰਦੇ ਨੂੰ ਲੋਈ।
ਸਮਝ ਨਾ ਆਵੇ ਮਾਂ ਧਰਤੀ ਇਹ, ਕਿਵੇਂ ਮਤੇਈ ਹੋਈ।

ਦੁਨੀਆਂ ਭਰਦੇ ਸਭ ਸੁਖ ਸਾਧਨ, ਸ਼ਾਹ ਦੇ ਅੱਗੇ ਪਿੱਛੇ,
ਭੁੱਲ ਭੁਲੇਖੇ ਵੀ ਦੁਖੀਆਂ ਦੀ, ਪੀੜ ਹਰੇ ਨਾ ਕੋਈ।

ਕਲੀਆਂ ਵੀ ਕੁਮਲਾਈਆਂ ਇੱਥੇ, ਤਿਤਲੀ ਦੇ ਰੰਗ ਉੱਡੇ,
ਲੋਭੀ ਭੌਰਾਂ ਨੇ ਨਿਗਲ਼ੀ ਹੈ, ਗੁਲਸ਼ਨ ਦੀ ਖ਼ੁਸ਼ਬੋਈ।

ਤੋਰਾ ਤੋਰੀ ਰੱਖੂ ਕਦ ਤਕ, ਸਾਡੀ ਸਬਰ ਸਬੂਰੀ,
ਰੀਝਾਂ ਮਰਨ ਕਿਨਾਰੇ ਹੋਈਆਂ ਆਸ ਫਿਰੇ ਅਧਮੋਈ।

ਨੰਗੇ ਭੁੱਖੇ ਕਦ ਸਮਝਣਗੇ, ਹੀਲੇ ਨਾਲ ਵਸੀਲਾ,
ਕਦ ਤੋਂ ਏਸ ਪਤੀਲੇ ਵਿਚੋਂ, ਖਾਲੀ ਆਵੇ ਡੋਈ।

ਸੇਕ ਸਿਵੇ ਦਾ ਸਹਿਣਾ ਔਖਾ, ਜੱਗ ਨਾ ਚੰਗਾ ਲੱਗੇ,
ਭਜ ਭਜ ਜਾਣ ਸਿਵੇ ਨੂੰ ਸੋਗੀ, ਨਾਲ਼ ਮਰੇ ਨਾ ਕੋਈ।

ਆਪਣੇ ਪੱਲੂ ਨਾਲ ਆਪ ਹੀ, ਪੂੰਝ ਮਨਾਂ ਹੁਣ ਅੱਖਾਂ,
ਹਰ ਕੋਈ ਅਪਣਾ ਰੋਣਾ ਰੋਵੇ, ਕੌਣ ਕਰੇ ਦਿਲ ਜੋਈ।

✪

ਅੱਜ ਨਹੀਂ ਤਾਂ ਕਲ੍ਹ ਹੋਵੇਗੀ, ਸ਼ੋਭਾ ਉਸ ਦੇ ਜੇਰੇ ਦੀ।
ਹਰਫ਼ ਜਗਾ ਕੇ ਲੱਭ ਰਿਹਾ ਏ, ਜਿਹੜਾ ਪੈੜ ਹਨੇਰੇ ਦੀ।

ਮਸਤਕ ਮਸਤਕ ਦਸਤਕ ਦੇ ਕੇ, ਵੰਡਣ ਲੱਪ ਲੱਪ ਚਿਣਗਾਂ ਦਾ,
ਪੈੜ ਬਦੀ ਦੀ ਨੱਪਣ ਵਾਲੇ, ਰੱਖਣ ਵਿੜਕ ਲੁਟੇਰੇ ਦੀ।

ਕਾਲੇ ਧਨ ਦੀ ਸਾਂਭ ਸੰਭਾਈ, ਨੀਂਦ ਉਡਾਵੇ ਧਨੀਆਂ ਦੀ,
ਸਾਡੀ ਨੀਂਦ ਉਡਾਈ ਰੱਖੇ, ਹਾਲਤ ਰੈਣ ਬਸੇਰੇ ਦੀ।

ਇਕ ਨਾ ਇਕ ਦਿਨ ਧੋਣੀ ਪੈਣੀ, ਨਾਲ਼ ਲਹੂ ਦੇ ਇਹ ਕਾਲਖ਼,
ਜਿਸ ਕਾਲਖ਼ ਨੇ ਨਿਗਲ਼ੀ ਆਭਾ, ਸਾਡੇ ਸੁਰਖ਼ ਸਵੇਰੇ ਦੀ।

ਅੱਜ ਖ਼ੁਦਾ ਦਾ ਲੜ ਫੜਿਆ ਹੈ, ਹੀਣੇ ਊਣੇ ਦੁਖੀਏ ਨੇ,
ਸਮਝੀ ਨਹੀਂ ਸਿਆਸਤ ਜਿਸ ਨੇ, ਮੰਦਰ ਮਸਜ਼ਿਦ ਡੇਰੇ ਦੀ।

ਜਦ ਹਿੱਲੇ ਈਮਾਨ ਤਖ਼ਤ ਦਾ, ਹਿੱਲ ਜਾਂਦੀ ਹੈ ਪਰਜਾ ਵੀ,
ਹਿੱਲੀ ਪਰਜਾ ਧਰਤੀ ਪੁੱਟੇ, ਪੁੱਟੇ ਇੱਟ ਬਨੇਰੇ ਦੀ।

✪

ਫੈਲ ਰਹੀ ਏ ਰੋਜ਼ ਹਵੇਲੀ,
ਝੌਂਪੜੀਆਂ ਦਾ ਅੱਲਾ ਬੇਲੀ।

ਪੀੜ ਰਹੇ ਨੇ ਖੜਸੁਕ ਤੀਲੇ,
ਇਹ ਲੋਭਾਂ ਦੇ ਡੰਗੇ ਤੇਲੀ।

ਸਭ ਰਿਸ਼ਤੇ ਹਨ ਗੌਂਅ ਗਰਜ਼ਾਂ ਦੇ,
ਇੱਥੇ ਕੌਣ ਕਿਸੇ ਦਾ ਬੇਲੀ,

ਬਚਪਨ ਵਿਚ ਸਾਂ ਮੇਲਾ ਲੁਟਦੇ,
ਪਾ ਖੀਸੇ ਵਿਚ ਪੌਲੀ ਧੇਲੀ।

ਕੌਣ ਕਰੇ ਹੁਣ ਬੁੱਕਲ ਸਾਂਝੀ,
ਸਭ ਬੁੱਕਲ ਵਿਚ ਭੰਨਣ ਭੇਲੀ।

ਟਹਿਕ ਰਿਹਾ ਕਿੱਕਰ ਦਾ ਜਾਤੂ,
ਮਹਿਕ ਰਹੀ ਚੰਦਨ ਦੀ ਗੇਲੀ।

ਜੀਵਨ ਜਾਚ ਨਾ ਆਈ ਸਾਨੂੰ,
ਇਹ ਜੀਵਨ ਵੀ ਅਜਬ ਪਹੇਲੀ।

✪

ਰੱਬ ਨਾ ਛਿੱਟਾ ਦਿੰਦਾ ਫਿਰਦਾ ਅੰਨਜਲ ਦਾ।
ਹੀਲੇ ਨਾਲ਼ ਵਸੀਲਾ ਬਣਦਾ ਅੰਨਜਲ ਦਾ।

ਰਾਤ ਦਿਨੇ ਹੀ ਖ਼ਲਕਤ ਭੱਜੀ ਫਿਰਦੀ ਹੈ,
ਹਰ ਬੰਦਾ ਘਰਕਾਇਆ ਦਿਸਦਾ ਅੰਨਜਲ ਦਾ।

ਇਸ ਨਗਰੀ ਦੇ ਸਭ ਲੋਕਾਂ ਨੂੰ ਭਰਮ ਪਿਆ,
ਸਾਗਰ ਪਾਰ ਭੰਡਾਰਾ ਮਿਲ਼ਦਾ ਅੰਨਜਲ ਦਾ।

ਕਿੱਦਾਂ ਹੱਥ ਹਿਲਾਵੇ ਛੱਡ ਕੇ ਇਹ ਧੰਦਾ,
ਜਦ ਮੰਗਣ 'ਤੇ ਠੂਠਾ ਭਰਦਾ ਅੰਨਜਲ ਦਾ।

ਇਕ ਵਾਰੀ ਜੇ ਗੱਡੀ ਲੀਹ 'ਤੇ ਪੈ ਜਾਵੇ,
ਫੇਰ ਸਿਲਸਿਲਾ ਤੁਰਿਆ ਰਹਿੰਦਾ ਅੰਨਜਲ ਦਾ।

ਥੁੜਿਆ ਯਾਰਾ! ਸਿੱਖ ਲੈ ਖੇਡ ਸਿਆਸਤ ਦੀ,
ਵੇਖੀਂ ਫੇਰ ਭੜੋਲਾ ਭਰਦਾ ਅੰਨਜਲ ਦਾ।

✪

ਹੁੰਦੇ ਸੁੰਦੇ ਤਰਸਣ ਉਹ ਸਭ ਦਾਤਾਂ ਨੂੰ।
ਸੁੱਤੇ ਰਹਿੰਦੇ ਜੋ ਗਲ਼ ਲਾ ਕੇ ਰਾਤਾਂ ਨੂੰ।

ਏਸ ਨਗਰ ਵਿੱਚ ਬਗਲੇ ਮੋਤੀ ਚੁਗਦੇ ਹਨ,
ਮੁੱਠੀ ਰਿਜ਼ਕ ਮਿਲ਼ੇ ਨਾ ਪੰਡ ਜਮਾਤਾਂ ਨੂੰ।

ਹਰ ਰਿਸ਼ਤੇ ਦੀ ਚੂਲ ਬਣੇ ਹੁਣ ਨਾਵਾਂ ਹੀ,
ਅਜਕਲ੍ਹ ਕਿਹੜਾ ਪੁਛਦੈ ਗੋਤਾਂ ਜ਼ਾਤਾਂ ਨੂੰ।

ਓਸ ਅਣਖ ਤੋਂ ਖਾਵੇ ਖ਼ੌਫ਼ ਸਿੰਘਾਸਣ ਵੀ,
ਤੁਰ ਜਾਵੇ ਜੋ ਠੋਕਰ ਮਾਰ ਸੁਗਾਤਾਂ ਨੂੰ।

ਸੂਰਜ ਦੇ ਤਪ ਅੱਗੇ ਇਹਨਾਂ ਖੁਰ ਜਾਣਾ,
ਕਦ ਤਕ ਬੱਦਲ ਰੋਕਣਗੇ ਪ੍ਰਭਾਤਾਂ ਨੂੰ।

ਖ਼ੂਨ ਜਿਗਰ ਦਾ ਪਾ ਕੇ ਯਾਰ ਚਿਰਾਗ਼ਾਂ ਵਿਚ,
ਕਦ ਚੱਲਣਗੇ ਦੇਣ ਵਿਦਾਈ ਰਾਤਾਂ ਨੂੰ।

✪

ਵੇਖ ਵੇਖ ਕੇ ਦੰਗ ਸੀ ਦੁਨੀਆਂ, ਇਹ ਕੀ ਮੰਜ਼ਰ ਸੀ।
ਕੀਤਾ ਕੁੱਜੇ ਵਿੱਚ ਜਦੋਂ ਮੈਂ ਬੰਦ ਸੁਮੰਦਰ ਸੀ।

ਚਿੱਟਾ ਬਾਣਾ ਸੀ ਸੰਤਾਂ ਦਾ, ਹੱਥ ’ਚ ਸੀ ਮਾਲ਼ਾ,
ਬਗਲੀ ਨੋਟਾਂ ਨਾਲ਼ ਭਰੀ ਸੀ, ਬਗਲ ’ਚ ਖੰਜਰ ਸੀ।

ਉੱਠਣ ਜੋਗੇ ਹੀ ਛੱਡਿਆ ਨਾ ਸਾਨੂੰ ਕਰਜ਼ੇ ਨੇ,
ਤਾਂ ਹੀ ਏਥੇ ‘ਸੂਦਰਾਮ’ ਹੀ ਰਿਹਾ ਸਿਕੰਦਰ ਸੀ।

ਅਜੇ ਕਰੋੜਾਂ ਬੱਚੇ ਪੜ੍ਹਦੇ ਰੁੱਖਾਂ ਥੱਲੇ ਹੀ,
ਪਰ ਹਰ ਗਲ਼ੀ ਮੁਹੱਲੇ ਦੇ ਵਿਚ ਉਸਰੇ ਮੰਦਰ ਸੀ।

ਜਦ ਜਾਬਰ ਦੇ ਜ਼ੁਲਮਾਂ ਅੱਗੇ ਕੁਸਕੇ ਭੋਰਾ ਨਾ,
ਕਿਸ ਪੁਛਣਾ ਸੀ, ਕੀ ਕੁਝ ਰਿਝਦਾ ਸਾਡੇ ਅੰਦਰ ਸੀ।

ਸਭ ਕੁਝ ਘਰ ’ਚੋਂ ਹੂੰਝ ਲਿਆ ਸੀ ਚੌਂਕੀਦਾਰਾਂ ਨੇ,
ਘਰ ਅੰਦਰ ਜਦ ਚੋਰ ਵੜੇ ਤਾਂ ਗਏ ਠਿਠੰਬਰ ਸੀ।

ਕਦੇ ਵਿਖਾਈ ਗਰਮੀ ਹੀ ਨਾ, ਠਰੇ ਕਬੀਲੇ ਨੇ,
ਬੇਸ਼ਕ ਫੁੱਟਪਾਥਾਂ ’ਤੇ ਲੰਘਦਾ ਸੀਤ ਦਸੰਬਰ ਸੀ।

✪

ਮੱਲਿਆ ਹੈ ਅਸਮਾਨ ਅਜੇ ਤਾਂ ਕਾਵਾਂ ਨੇ।
ਹੰਸ ਲੁਕਣ ਲਈ ਲਭਦੇ ਫਿਰਦੇ ਥਾਵਾਂ ਨੇ।

ਹੁਕਮ ਚੜ੍ਹਾਉਂਦੀ ਰਹੇ ਹਕੂਮਤ ਸੌ ਵਾਰੀ,
ਪਰ ਨਾ ਬਦਲੇ ਵਹਿਣ ਕਦੇ ਦਰਿਆਵਾਂ ਨੇ।

ਸਾਹ ਲੈਂਦਾ ਹੈ ਜੋ ਲੋਕਾਂ ਦੇ ਸਾਹਾਂ ਵਿੱਚ,
ਉਸ ਨੂੰ ਲੋਕੀਂ ਕਰਦੇ ਹੱਥੀਂ ਛਾਂਵਾਂ ਨੇ।

ਰੋਕ ਟੋਕ ਨਹੀਂ ਕੋਈ ਇਸ ਥਾਂ ਬੁਰਿਆਂ ਨੂੰ,
ਸਾਡੀ ਖਾਤਰ ਮਿਥੀਆਂ ਬਹੁਤ ਸੀਮਾਵਾਂ ਨੇ।

ਜਿਸ ਨੇ ਛੱਡੀ ਦੁਬਿਧਾ ਆਣ ਚੁਰਸਤੇ ਵਿਚ,
ਉਸ ਦੇ ਅੱਗੇ ਵਿਛੀਆਂ ਚਾਰ ਦਿਸ਼ਾਵਾਂ ਨੇ।

ਡੁਸਕਣ ਮਹਿਕਾਂ ਚੇਤੇ ਕਰ ਕਰ ਫੁੱਲਾਂ ਨੂੰ,
ਲੱਗਣ ਦਿੱਤੇ ਪੈਰ ਨਾ ਜਦੋਂ ਹਵਾਵਾਂ ਨੇ।

ਏਸ ਕਵੀ ਨੂੰ ਕੀ ਮਿਲਣਾ ਹੈ ਮੰਡੀ ’ਚੋਂ,
ਬਟੂਏ ਵਿੱਚ ਤਾਂ ਗ਼ਜ਼ਲਾਂ ਜਾਂ ਕਵਿਤਾਵਾਂ ਨੇ।

✪

ਪੀਂਦਾ ਕੌਣ ਤਿਓੜ ਹੁਣ, ਕਿਸ ਦੇ ਖਹਿੰਦੇ ਪੱਟ।
ਪੀਣ ਜਵਾਨੀ ਦੇਸ ਦੀ, ਹੁਣ ਦਾਰੂ ਦੇ ਮੱਟ।

ਮੋਂਦਾ ਲੱਗੇ ਮਗ਼ਜ਼ ਨੂੰ, ਝੁੱਗਾ ਚੌੜ ਚਪੱਟ।
ਗੱਜ ਵੱਜ ਕੇ ਖੋਲ੍ਹਦਾ, ਜੋ ਬੋਤਲ ਦਾ ਡੱਟ।

ਕਿੱਥੋਂ ਕਿੱਥੇ ਲੈ ਗਈ, ਖੇਤ 'ਚ ਸਾਂਝੀ ਵੱਟ।
ਮੁੱਕੀ ਸਾਂਝ ਜ਼ਬਾਨ ਦੀ, ਪਿੱਛੋਂ ਖੁੱਲ੍ਹੇ ਫੱਟ।

ਖਿੜ ਖਿੜ ਨਰਮਾ ਹੱਸਿਆ, ਖਿੜ ਖਿੜ ਹੱਸੇ ਜੱਟ।
ਖਿੜ ਗਈ ਹਸਦੇ ਵੇਖਕੇ, ਭੀਮੇ ਸ਼ਾਹ ਦੀ ਹੱਟ।

ਰਗੜੇ ਚਾਰ ਚੁਫੇਰਿਉਂ, ਪੈਣ ਨਾ ਮੱਥੇ ਵੱਟ।
ਕਿੰਨੇ ਬੋਹਲ ਡਕਾਰਦੀ, ਖੁੱਡ ਕੁ ਜਿੰਨੀ ਹੱਟ।

ਘੇਰਨ ਰੋਜ਼ ਮੁਸੀਬਤਾਂ, ਔਖਾ ਟੱਪੇ ਝੱਟ।
ਔਖੇ ਅਹੁਖਦ ਸਮਝਦੇ, ਕੁੱਝ ਸ਼ਬਦਾਂ ਦੀ ਰੱਟ।

ਜਿਨ੍ਹਾਂ 'ਤੇ ਹਰ ਬੋਝ ਹੈ, ਜਿਨ੍ਹਾਂ ਤੇ ਹਰ ਕੱਟ।
ਉੱਸਲਵੱਟੇ ਲੈ ਰਹੇ, ਪਰ ਨਾ ਸੁੱਟਣ ਛੱਟ।

ਛਕਣਾ ਵੰਨ ਸੁਵੰਨ ਜੇ, ਬਣ ਨਾ ਕੌਲੀਚੱਟ।
ਸਾੜ੍ਹਸਤੀ ਦੀ ਗੀੜ 'ਤੇ, ਮਾਰ ਵਦਾਨੀ ਸੱਟ।

✪

ਰੋਜ਼ ਨਵੇਂ ਹੀ ਝਗੜੇ ਮਸਜਿਦ ਮੰਦਰ ਦੇ।
ਲੈ ਬੈਠਣਗੇ ਮਸਲੇ ਸਾਨੂੰ ਅੰਦਰ ਦੇ।

ਜਿਸ ਦੀ ਨੋਕ 'ਤੇ ਟੰਗੇ ਸ਼ਬਦ ਗ੍ਰੰਥਾਂ ਦੇ,
ਥਾਂ ਥਾਂ ਭੜਥੂ ਪਾਏ ਨੇ ਉਸ ਖੰਜਰ ਦੇ।

ਮੁਲਕ ਦਾ ਨਕਸ਼ਾ ਮੈਨੂੰ ਵੱਟੇ ਵੱਟ ਦਿਸੇ,
ਮੂੰਹ 'ਤੇ ਰੌਣਕ ਦਿਸਦੀ ਹੈ ਹਰ ਖੰਡਰ ਦੇ।

ਮਨਮਰਜ਼ੀ ਦਾ ਚਾਨਣ ਦੇਵੇ ਧਰਤੀ ਨੂੰ,
ਸੂਰਜ, ਚੰਦ, ਸਿਤਾਰੇ ਮੁੱਠ 'ਚ ਅੰਬਰ ਦੇ।

ਜਿਨ੍ਹਾਂ ਦੇ ਅੰਦਰ ਪੈਂਦੀ ਹੈ ਖੋਹ ਚਾਨਣ ਦੀ,
ਉਹ ਨ੍ਹੇਰੇ ਨੂੰ ਆਥਣ ਉੱਗਣ ਸੰਬਰਦੇ।

ਧਰਤੀ ਜਿੱਤਣ ਤੁਰਿਆ ਸੀ ਉਹ ਉਸ ਵੇਲ਼ੇ।
ਤੁਰਿਆ ਸੀ ਜਦ ਕੁਨਬਾ ਨਾਲ਼ ਸਿਕੰਦਰ ਦੇ।

✪

ਅੱਜਕਲ੍ਹ ਕੋਈ ਹੱਥ ਨਾ ਦੇਵੇ, ਉਸ ਦੇ ਪੈਰਾਂ ਥੱਲੇ।
ਜਿਸ ਤੋਂ ਕੋਈ ਲਾਭ ਦਿਸੇ ਨਾ, ਕੱਖ ਨਾ ਜਿਸ ਦੇ ਪੱਲੇ।

ਪੁਰਜਾ ਪੁਰਜਾ ਰੂਹ ਹੋ ਜਾਵੇ, ਤਕ ਕੇ ਜਬਰ ਜ਼ੁਲਮ ਨੂੰ,
ਲੁੱਕ ਲਹੂ ਦਾ ਸੰਗਮ ਹੋਵੇ, ਚੌਂਕ 'ਚ ਡਾਂਗਾਂ ਥੱਲੇ।

ਇਸ ਤੰਤਰ ਤੋਂ ਕੀ ਫ਼ਲ ਮਿਲ਼ਿਆ, ਇਸ ਵਿਚ ਫਲ਼ੀਆਂ ਬਦੀਆਂ,
ਜਿਸ ਭੜੂਏ ਨੂੰ ਕੁਰਸੀ ਦੇਈਏ, ਦੇਵੇ ਦਰਦ ਅਵੱਲੇ।

ਸ਼ਾਹਰਾਹਾਂ ਨੂੰ ਛੱਡ ਤਾਂ ਦੇਈਏ, ਪਾ ਪਗਡੰਡੀ ਤੁਰੀਏ,
ਪਰ ਲੀਹ ਪਾੜਨ ਤੋਂ ਡਰ ਲੱਗਦੈ, ਰਹਿ ਨਾ ਜਾਈਏ 'ਕੱਲੇ।

ਹੀਲੇ ਨਾਲ ਵਸੀਲਾ ਬਣਦੈ, ਦੇਣ ਸਿਆਣੇ ਮੱਤਾਂ,
ਰੁਖ਼ਸਤ ਕਰੀਏ ਪੀੜਾਂ ਪਾੜੇ, ਦੁੱਖ ਬਥੇਰੇ ਝੱਲੇ।

ਹੁਣ ਤਕ ਸਿਹਰੇ ਬੱਝ ਜਾਣੇ ਸਨ, ਹਰ ਸੁਪਨੇ ਦੇ ਸਿਰ 'ਤੇ,
ਰਾਹ ਦੇਣਾ ਸੀ ਹਰ ਅੜਚਨ ਨੇ, ਜੇ ਚਾਅ ਕਰਦੇ ਹੱਲੇ।

ਪੌਂਡ ਕਮਾ ਕੇ ਯਾਰ ਮੁੜੇ ਹਨ, ਪਿੰਡ 'ਚ ਗੇੜੇ ਕੱਢਣ,
ਫਿਰਨ ਲਕੋਂਦੇ ਪੱਕੇ ਅੱਟਣ, ਪਾ ਕੇ ਛਾਪਾਂ ਛੱਲੇ।

✪

ਸਿਰ ਚੁੱਕਣ ’ਤੇ ਸਿਰ ਜ਼ੁਰਮਾਨਾ ਲਗਦਾ ਹੈ।
ਸਿਰ ਦਿੱਤਿਆਂ ਹੀ ਮਗਰ ਜ਼ਮਾਨਾ ਲਗਦਾ ਹੈ।

ਠਰ ਜਾਂਦਾ ਹੈ ਸੀਨਾ ਸਾਡੇ ਤਰਕਸ਼ ਦਾ,
ਜਦ ਵੀ ਹਿੱਕ ਦੀ ਸੇਧ ਨਿਸ਼ਾਨਾ ਲਗਦਾ ਹੈ।

ਜਿਸ ਦੀ ਲਾਟ ਦੁਆਲੇ ਫਿਰਦਾ ਹੈ ਘੁੰਮਦਾ,
ਇਸ ਦੀਵੇ ਦਾ ਕੀ ਪਰਵਾਨਾ ਲਗਦਾ ਹੈ।

ਕੇਹਾ ਸੁਰਮਾ ਅੱਖ ’ਚ ਪਾਇਆ ਮਾਇਆ ਨੇ,
ਮਾਂ ਜਾਇਆ ਵੀ ਸੱਤ ਬਿਗਾਨਾ ਲਗਦਾ ਹੈ।

ਵਿਕ ਜਾਂਦੇ ਫਨਕਾਰ ਭੁਲਾ ਕੇ ਕਦਰਾਂ ਨੂੰ,
ਜਦ ਮੰਡੀ ਵਿਚ ਜਾਣ ਤਰਾਨਾ ਲਗਦਾ ਹੈ।

ਭੁੱਖਮਰੀ ਦਾ ਕਾਰਨ ਗੁੱਝਾ ਰਹਿੰਦਾ ਨਾ,
ਜਦ ਨੇਤਾ ਦਾ ਪੇਟ ਭੁਕਾਨਾ ਲਗਦਾ ਹੈ।

ਸੀਸ ਤਲੀ ’ਤੇ ਧਰਿਆ ਹੈ ਸਿਰਲੱਥ ਕਿਸੇ,
ਪਰ ਮਕਤਲ ਨੂੰ ਇਹ ਨਜ਼ਰਾਨਾ ਲਗਦਾ ਹੈ।

✪

ਕਰ ਲਏ ਉਹ ਹੌਂਸਲਾ ਵੀ ਹਾਦਸੇ ਦੇ ਹਾਣ ਦਾ।
ਹੋਣ ਵਾਲੇ ਹਾਦਸੇ ਨੂੰ ਜੋ ਅਗਾਊਂ ਜਾਣਦਾ।

ਕਰ ਭਰੋਸਾ ਸੌਂਪ ਦੇਈਏ ਜਿਸ ਕਿਸੇ ਨੂੰ ਰਹਿਬਰੀ,
ਉਹ ਏਜੰਡਾ ਹੀ ਬਣਾਏ ਮੁਲਕ ਸਾਬਤ ਖਾਣ ਦਾ।

ਢੇਰ ਲੱਗੇ ਦੌਲਤਾਂ ਦੇ ਜਿਸ ਧਨੀ ਦੇ ਕੋਲ਼ ਨੇ,
ਹਰ ਸਮੇਂ ਹੀ ਥੁੜਦਿਆਂ ਦੇ ਦਰਦ ਉਹ ਕੀ ਜਾਣਦਾ।

ਬੰਬ ਤੇ ਬਾਰੂਦ ਵਿਕਦੇ ਜਿਸ ਕਿਸੇ ਸੈਤਾਨ ਦੇ,
ਦਰਦ ਕੀ ਹੈ ਉਸ ਵਪਾਰੀ ਨੂੰ ਮਨੁੱਖੀ ਘਾਣ ਦਾ।

ਨੀਂਦ ਨੈਣਾਂ 'ਚੋਂ ਉਡਾਈ ਸੁਪਨਿਆਂ ਦੀ ਮੌਤ ਨੇ,
ਨੀਂਦ ਨੇ ਫਿਰ ਨਾਂ ਲਿਆ ਨਾ ਨੇੜ ਸਾਡੇ ਆਣ ਦਾ।

ਰਹਿ ਗਏ ਜਦ ਯਾਰ ਤਨਹਾ ਗ਼ਮ ਗਲ਼ੇ ਨੂੰ ਲਾ ਲਿਆ,
ਨਾਂ ਲਏ ਨਾ ਫੇਰ ਗ਼ਮ ਯਾਰਾਂ ਦੇ ਦਿਲ ਚੋਂ ਜਾਣ ਦਾ।

✪

ਖੌਝਿਆ ਹਾਂ ਉਮਰ ਦੇ ਹਰ ਪਹਿਰ ਵਿਚ।
ਹੋ ਸਕੇ ਇਹ ਸ਼ਹਿਰ ਜੇਕਰ ਬਹਿਰ ਵਿਚ।

ਹੇਜ ਤੋਂ ਪਰਹੇਜ਼ ਰੱਖੇ ਉਹ ਸਦਾ,
ਝਲਕਦੀ ਜੇ ਖੁਲ੍ਹਦਿਲੀ ਤਾਂ ਕਹਿਰ ਵਿਚ।

ਵਾਵਰੋਲੇ ਨਾ ਉਡਾਉਂਦੇ ਪੱਗੜੀਆਂ,
ਜੇ ਇਸ਼ਾਰੇ ਸਮਝ ਲੈਂਦੇ ਗ਼ਹਿਰ ਵਿਚ।

ਬੁੱਤ ਲਾਇਆ ਚੌਂਕ ਦੇ ਵਿਚ ਓਸ ਦਾ,
ਹੋ ਗਿਆ ਸੀ ਅਜਨਬੀ ਜੋ ਸ਼ਹਿਰ ਵਿਚ।

ਖੁਦਕੁਸ਼ੀ ਦੀ ਦਰ ਘਟਾਉਂਦੇ ਲੋਕ ਉਹ,
ਜੋ ਮਿਲਾਵਟ ਕਰ ਰਹੇ ਨੇ ਜ਼ਹਿਰ ਵਿਚ।

ਓਸ ਅੱਗੇ ਪਹੁਫਟਾਲਾ ਵਿਛ ਗਿਆ,
ਧੁੱਸ ਦੇ ਕੇ ਵੜ ਗਿਆ ਜੋ ਗ਼ਹਿਰ ਵਿਚ।

✪

ਪੜ੍ਹ ਲਿਖ ਕੇ ਜੋ ਨਿਕਲ਼ੇ ਲੱਭਣ ਨੌਕਰੀਆਂ।
ਫਿਰਦੇ ਡਾਗਾਂ ਖਾਂਦੇ ਚੋਬਰ ਤੇ ਕੁੜੀਆਂ।

ਹੁੰਦੀ ਹੈ ਜੋ ਕੁੱਕੜਖੋਹੀ ਸਦਨਾਂ ਵਿਚ,
ਖੁੰਢਾਂ 'ਤੇ ਵੀ ਉਹ ਗੱਲਾਂ ਨਾ ਸ਼ੋਭਦੀਆਂ।

ਉਸ ਨਗਰੀ ਵਿਚ ਸੁਰਗ ਦੇ ਲਾਰੇ ਵਿਕਦੇ ਹਨ,
ਨਰਕ ਹਕੀਕੀ ਬਣੀਆਂ ਜਿੱਥੇ ਝੌਂਪੜੀਆਂ।

ਨਾੜ ਨਾੜ ਵਿਚ ਖ਼ੂਨ ਖੌਲ਼ਦਾ ਨੇਕੀ ਦੇ,
ਜਦ ਨਗਰੀ ਵਿਚ ਵੇਖੇ ਬਦੀਆਂ ਚਾਂਭਲ਼ੀਆਂ।

ਬਿਰਧ ਬਾਪ ਦੇ ਸਿਰ 'ਤੇ ਅਜੇ ਮੜਾਸਾ ਹੈ,
ਘਰ ਦਾ ਭਾਰ ਨਾ ਚੁੱਕਣ ਪੱਗਾਂ ਪੋਚਵੀਆਂ।

ਸਾਨੂੰ ਚੇਤਾ ਆਇਆ ਵਿਰਸਾ ਸਾਂਭਣ ਦਾ,
ਪੱਛ ਗਿਆ ਜਦ ਪੱਛਮ ਆ ਕੇ ਸਾਦਗੀਆਂ।

ਕਰਨ ਵਗਾਰਾਂ ਕਾਮੇ ਘਰ ਵਿਚ ਅਫ਼ਸਰ ਦੇ,
ਦਫ਼ਤਰ ਵਿਚ ਤਾਂ ਲੱਗਣ ਕੇਵਲ ਹਾਜ਼ਰੀਆਂ।

ਕਿੰਨੇ ਰੂਪ ਵਟਾਏ ਹੁਣ ਤਕ ਮੰਡੀ ਨੇ,
ਕਿੱਥੇ ਮਾਲ ਪਲਾਜ਼ੇ ਕਿੱਥੇ ਛਾਬੜੀਆਂ।

ਕਰਨੀ ਚਾਹਾਂ ਮੁੱਠ 'ਚ ਧਰਤੀ ਉਹਨਾਂ ਦੇ,
ਚੱਪਾ ਟੁੱਕ ਲਈ ਕਢਦੇ ਨੇ ਜੋ ਲੇਲ੍ਹੜੀਆਂ।

✪

ਉਸ ਬੰਦੇ ਤੋਂ ਸਭ ਨੇ ਕੀਤਾ ਪਾਸਾ ਹੋਵੇਗਾ,
ਜਿਸ ਦੇ ਪੱਲੇ ਨਾ ਪੈਸਾ ਨਾ ਹਾਸਾ ਹੋਵੇਗਾ।

ਖਿੜਿਆ ਚਿਹਰਾ ਪੂਣੀ ਵਰਗਾ ਬੱਗਾ ਹੋ ਜਾਊ,
ਉਸ ਦੇ ਕਾਲ਼ੇ ਧਨ ਦਾ ਜਦੋਂ ਖੁਲਾਸਾ ਹੋਵੇਗਾ।

ਸਾਡੇ ਪੈਰੀਂ ਛਾਲੇ ਰੂਹ ਤਕ ਠਾਰਨਗੇ ਥਲ ਨੂੰ,
ਤਪਦੇ ਥਲ ਦਾ ਕਣ-ਕਣ ਜਦੋਂ ਪਿਆਸਾ ਹੋਵੇਗਾ।

ਉਸ ਬੰਦੇ ਦੇ ਰਕਤਚਾਪ ਵਿਚ ਗੜਬੜ ਹੋਵੇਗੀ,
ਜਿਹੜਾ ਪਲ ਵਿਚ ਤੋਲ਼ਾ ਪਲ ਵਿਚ ਮਾਸਾ ਹੋਵੇਗਾ।

ਯਾਦਾਂ ਨੂੰ ਫਰਿਆਦਾਂ ਕਰਦਾ ਡੋਲੇ ਡੁੱਬੇਗਾ,
ਜੇ ਨਾ ਟੁੱਟੇ ਦਿਲ ਦੇ ਕੋਲ਼ ਦਿਲਾਸਾ ਹੋਵੇਗਾ।

ਤਾਣ ਲਗਾ ਕੇ ਇਸ ਜੀਵਨ ਵਿਚ ਮਿੱਠਤ ਘੋਲ਼ਾਗੇ,
ਬੇਸ਼ਕ ਇਹ ਤਾਂ ਸਾਗਰ ਵਿਚ ਪਤਾਸਾ ਹੋਵੇਗਾ।

ਦੱਬ ਲਿਆ ਹੋਵੇਗਾ ਜਿਸ ਨੂੰ ਦੁਨੀਆਂਦਾਰੀ ਨੇ,
ਉਸਦੇ ਸਿਰ ’ਤੇ ਸ਼ਮਲਾ ਨਹੀਂ ਮੜਾਸਾ ਹੋਵੇਗਾ।

✪

ਵਸਦੇ ਘਰ ਵੀ ਘਰ ਨਈਂ ਹੁੰਦੇ।
ਜਿੱਥੇ ਖੁੱਲ੍ਹੇ ਦਰ ਨਈਂ ਹੁੰਦੇ।

ਖਬਰੇ ਹੋਇਆ ਕੀ ਯਾਰਾਂ ਨੂੰ,
ਘਰ ਹੁੰਦੇ ਵੀ ਘਰ ਨਈਂ ਹੁੰਦੇ।

ਸਭ ਕੰਧਾਂ ਦੇ ਕੰਨ ਹੁੰਦੇ ਨੇ,
ਸਭ ਕੰਧਾਂ ਵਿਚ ਦਰ ਨਈਂ ਹੁੰਦੇ।

ਲੋਕੀਂ ਗੱਲ ਉਡਾ ਦਿੰਦੇ ਹਨ,
ਜਦ ਗੱਲਾਂ ਦੇ ਪਰ ਨਈਂ ਹੁੰਦੇ।

ਮਰਦੇ ਦਮ ਤਕ ਦਮ ਰੱਖਾਂ ਗੇ,
ਸੁਪਨੇ ਗਹਿਣੇ ਧਰ ਨਈਂ ਹੁੰਦੇ।

ਛਾਲੇ ਭਰ ਭਰ ਸਿੰਜੇ ਮੈਂ ਤਾਂ,
ਪਰ ਮਾਰਥੂਲ ਤਰ ਨਈਂ ਹੁੰਦੇ।

ਧੁਰ ਮੰਜ਼ਲ ਤੇ ਪੁਜਦਾ ਉਹ ਹੀ,
ਜਿਸ ਦੇ ਨੇੜੇ ਡਰ ਨਈਂ ਹੁੰਦੇ।

✪

ਛੁੱਟੀ ਕੱਟਣ ਆਇਆ ਫੌਜੀ, ਭੀੜ ਪਈ ਤੋਂ ਤਣ ਸਕਦਾ ਹੈ।
ਜੰਗਾਂ ਜਿੱਤਣ ਨੂੰ ਤੁਰਿਆ ਹੈ, ਪਰ ਜਾਂਦਾ ਹੀ ਛਣ ਸਕਦਾ ਹੈ।

ਰਾਲ਼ ਵਗੇ ਤਾਂ ਥੂ ਥੂ ਹੋਵੇ, ਨੈਣ ਵਗਣ ਤਾਂ ਪੱਥਰ ਪਿਘਲਣ,
ਠੰਢ ਕਲੇਜੇ ਪਾਉਂਦਾ ਹੈ ਜਲ, ਜਲ ਆਫਤ ਵੀ ਬਣ ਸਕਦਾ ਹੈ।

ਮਨ ਦੇ ਪਿੱਛੇ ਲੱਗਿਆ ਬੰਦਾ, ਡਾਕੂ, ਚੋਰ, ਲੁਟੇਰਾ ਬਣਦਾ,
ਜੇਕਰ ਠੋਕਰ ਲੱਗੇ ਉਸ ਨੂੰ, ਮੁੜ ਬੰਦਾ ਵੀ ਬਣ ਸਕਦਾ ਹੈ।

ਆਪਣਾ ਉੱਲੂ ਸਿੱਧਾ ਕਰਕੇ, ਹੁਣ ਜੋ ਆਉਂਦਾ ਨਜ਼ਰ ਨਹੀਂ ਹੈ,
ਲੋੜ ਪਏ ਤਾਂ ਸਾਡੀ ਗਲੀਏਂ, ਉਹ ਤਾਣਾ ਵੀ ਤਣ ਸਕਦਾ ਹੈ।

ਦਿਸਦੀ ਨੀਤ ਨਿਆਂ ਦੀ ਖੋਟੀ, ਧਰ ਕੇ ਦੱਬੇ ਮਾੜੇ ਨੂੰ ਹੀ,
ਉਹ ਨਾ ਇੱਕ ਛਟਾਂਕੀ ਚੁੱਕੇ, ਭਾਰ ਉਠਾ ਜੋ ਮਣ ਸਕਦਾ ਹੈ।

ਹੁਣ ਤਕ ਕਹਿਰ ਕਰੋਪੀ ਸਹਿ ਸਹਿ, ਰੁਲਦਾ ਨੀਚ ਨਿਥਾਵਾਂ ਏਥੇ,
ਹੋ ਜਾਵੇ ਜੇ ਨਜ਼ਰ ਸਵੱਲੀ, ਉਹ ਵੀ ਤਾਂ ਬਣ ਠਣ ਸਕਦਾ ਹੈ।

ਜ਼ੋਰ ਲਗਾ ਕੇ ਵੇਖ ਰਹੇ ਹਾਂ, ਵੇਖੋ ਅੱਗੇ ਕੀ ਬਣਦਾ ਹੈ,
ਬਾਜ਼ੀ ਪੁੱਠੀ ਪੈ ਸਕਦੀ ਹੈ, ਸਿੱਧਾ ਵੀ ਪੈ ਦਣ ਸਕਦਾ ਹੈ।

ਪੀੜਾਂ ਨੇ ਘਰਕਾਇਆ ਜਿਸ ਨੂੰ, ਰੋਜ਼ ਉਡੀਕੇ ਸੁਖ ਦੇ ਸਾਹ ਨੂੰ,
ਹੋ ਸਕਦਾ ਸਾਹ ਬਣੇ ਛੁੰਕਾਰਾ, ਸਾਹ ਹੌਕਾ ਵੀ ਬਣ ਸਕਦਾ ਹੈ।

✪

ਕਿੱਕਰਾਂ ਦੇ ਤੁੱਕਿਆਂ ’ਤੇ ਦਾਖ਼ਦਾਣੇ ਖੁਣਦਿਆਂ।
ਕੰਡ ਕੁੱਬੀ ਹੋ ਗਈ ਹੈ, ਕੱਖ ਕੰਡੇ ਚੁਣਦਿਆਂ।

ਆਖਦੇ ਸਾਂ ਮੁਗ਼ਲ ਮਾੜੇ, ਜਬਰ ਕਰਦੇ ਸਨ ਬਹੁਤ,
ਛੱਡ ਦਿੱਤੇ ਉਹ ਪਿਛਾਂਹਾਂ, ਹੁਕਮਰਾਨਾਂ ਹੁਣ ਦਿਆਂ।

ਕਦ ਹੰਢਾਵੇ ਸੁਪਨਿਆਂ ਨੂੰ, ਬੁਣਕਰਾਂ ਦਾ ਕਾਫਲਾ,
ਬੁਣਤੀਆਂ ਵਿਚ ਉਲਝਿਆ ਜੋ, ਸੁਪਨਿਆਂ ਨੂੰ ਬੁਣਦਿਆਂ।

ਹੂਕ ਸੱਚੀ ਨੂੰ ਹੁੰਗਾਰਾ, ਦੇਣ ਕਿੱਥੇ ਰਾਮ ਜੀ,
ਰਾਮ ਬੋਲ਼ੇ ਹੋ ਗਏ ਨੇ, ਰਾਮਰੌਲਾ ਸੁਣਦਿਆਂ।

ਦੁੱਖ ਹਰਨੇ ਕੀ ਉਨ੍ਹਾਂ ਨੇ, ਬਾਤ ਪੁੱਛਣ ਨਾ ਕਦੇ,
ਕਰਨ ਸਾਨੂੰ ਅਣਸੁਣੇ ਜੋ, ਨਿਗ਼ਦਿਆਂ ਨੂੰ ਸੁਣਦਿਆਂ।

ਹਿੱਕ ਉੱਤੇ ਚਿਣਨਗੇ ਫਿਰ, ਕਤਲ ਕੀਤੇ ਰੁੱਖ ਹੀ,
ਛਣ ਗਏ ਜਦ ਫੇਫੜੇ ਹੀ, ਪੌਣ ਮੈਲੀ ਪੁਣਦਿਆਂ।

ਮੁੜਨ ਵਾਲੀ ਚੀਜ਼ ਨਾ ਇਹ, ਜਾਣਦਾ ਹਾਂ ਫੇਰ ਵੀ,
ਆਸ ਰੱਖਾਂ ਮੁੜਨ ਦੀ ਵੀ, ਜਦ ਕਿਸੇ ਨੂੰ ਗੁਣ ਦਿਆਂ।

✪

ਨਫ਼ਰਤਾਂ ਨੇ ਘਰ ਜਲਾਏ ਹੋਣਗੇ।
ਰਹਿਬਰਾਂ ਇਹ ਰਾਹ ਸੁਝਾਏ ਹੋਣਗੇ।

ਆਦਮੀ 'ਚੋਂ ਆਦਮੀਅਤ ਮਰਨ 'ਤੇ,
ਓਮ, ਅੱਲਾ ਤਿਲਮਿਲਾਏ ਹੋਣਗੇ।

ਪੀ ਗਏ ਸਭ ਖੂਹ ਸੜ੍ਹਾਕੇ ਮਾਰ ਕੇ,
ਖੇਤ ਅੰਬਰ ਨੇ ਭੁਲਾਏ ਹੋਣਗੇ।

ਪੀਣਗੇ ਫਿਰ ਖ਼ੂਨ ਹੀ ਤਾਂ ਆਦਮੀ,
ਪਿੰਡ ਦੇ ਜਦ ਖੂਹ ਤਿਹਾਏ ਹੋਣਗੇ।

ਅੰਬਰਾਂ 'ਤੇ ਚੜ੍ਹਨ ਖਾਤਰ ਮਾਪਿਆਂ,
ਪੌੜ ਧੀਆਂ ਦੇ ਬਣਾਏ ਹੋਣਗੇ।

ਜਨਕ ਡੁੱਬਣਗੇ ਬਜ਼ਾਰੀਂ ਆਣ ਕੇ,
ਸੇਲ 'ਤੇ ਜਦ ਵਰ ਲਗਾਏ ਹੋਣਗੇ।

ਕਾਂ ਬਨੇਰੇ ਤੋਂ ਉਠਾ ਕੇ ਲੈ ਗਏ,
ਦੀਪ ਆਟੇ ਦੇ ਜਗਾਏ ਹੋਣਗੇ।

ਜੀਣ ਵੀ ਦੁੱਭਰ ਕਰੇਗਾ ਸ਼ਹਿਨਸ਼ਾਹ,
ਮਰਨ 'ਤੇ ਵੀ ਕਰ ਲਗਾਏ ਹੋਣਗੇ।

✪

ਭਾਲ਼ਦੇ ਹਨ ਕੀ ਗਧੇਲੇ, ਗੰਧਲੇ ਇਸ ਤਾਲ ਵਿਚ।
ਫਸ ਗਏ ਨੇ ਸ਼ਾਇਦ ਇਹ ਵੀ, ਬਗਲਿਆਂ ਦੀ ਚਾਲ ਵਿਚ।

ਉੱਠਣਾ ਹੀ ਸੀ ਵਰੋਲਾ, ਓਸ ਖਾਲੀ ਪੇਟ ’ਚੋਂ,
ਜੂਠ ਸਾਰੀ ਦਾਤਿਆਂ ਨੇ, ਜਦ ਪਰੋਸੀ ਥਾਲ਼ ਵਿਚ।

ਰੀਝ ਮਨ ਦੀ ਸਿਮਟ ਜਾਵੇ, ਇਹ ਇਜ਼ਾਫਾ ਵੇਖ ਕੇ,
ਆ ਖੜੋਵੇ ਹੋਰ ਮੁਸ਼ਕਲ, ਮੁਸ਼ਕਲਾਂ ਦੀ ਪਾਲ਼ ਵਿਚ।

ਕੀ ਸੰਭਾਲੂ ਉਹ ਕਿਸੇ ਨੂੰ, ਵੇਗ ਦੇ ਵਿੱਚ ਵਹਿਣ ਤੋਂ,
ਡਿਗ ਪਿਆ ਹੈ ਆਪ ਹੀ ਜੋ, ਭਾਵਨਾ ਦੀ ਝਾਲ ਵਿਚ।

ਜੂੜ ਪਾਏ ਔਕੜਾਂ ਨੇ, ਜ਼ਿੰਦਗੀ ਦਾ ਦੋਸ਼ ਕੀ,
ਰੋਜ਼ ਮਾਰਾਂ ਪੈਣ ਜਿਸ ਨੂੰ, ਕੀ ਰਹੇ ਉਹ ਤਾਲ ਵਿਚ।

ਰਾਸ ਪੂੰਜੀ ਲਾਕਰਾਂ ਵਿੱਚ ਸਾਂਭਦੇ ਨਾ ਲੋਕ ਹੁਣ,
ਲੋਕ ਦਾਨੇ ਹੁਣ ਕਮਾਈ ਸਾਂਭਦੇ ਹਨ ਬਾਲ ਵਿਚ।

ਕੌਣ ਸਮਝੂ ਦੁੱਖ ਤੇਰਾ, ਜੇ ਤੂੰ ਖੁਦ ਨਾ ਚੀਕਿਆ,
ਹੈ ਰਜ਼ਾ ਉਸ ਰੱਬ ਦੀ ਤਾਂ, ਮਸਤ ਰਹਿ ਇਸ ਹਾਲ ਵਿਚ।

✪

ਮੈਂ ਤਾਂ ਦਗ਼ਦੇ ਸੂਰਜ ਕੋਲੋਂ, ਛਾਵਾਂ ਮੰਗਣ ਜਾਵਾਂ।
ਮੇਰੇ ਹੇਠ ਵਿਛਾ ਦੇਵੇ ਉਹ, ਮੇਰਾ ਹੀ ਪਰਛਾਵਾਂ।

ਕਿਸ ਨੂੰ ਹਾਲ ਸੁਣਾਵਾਂ ਦਿਲ ਦਾ, ਕਿਸ ਨੂੰ ਦੱਸਣ ਜਾਵਾਂ।
ਕਿਸ ਨੇ ਚਿਹਰੇ 'ਤੇ ਮਲ਼ਿਆ ਹੈ, ਪੀੜਾਂ ਦਾ ਪਰਛਾਵਾਂ।

ਲੋਚ ਰਿਹਾ ਏ ਕਾਲ਼ਾ ਬੱਦਲ, ਸੂਰਜ ਪੁੱਛੇ ਉਸ ਨੂੰ,
ਮੈਂ ਧਰਤੀ ਤੋਂ ਨ੍ਹੇਰਾ ਹੂੰਝਣ, ਜਾਵਾਂ ਜਾਂ ਨਾ ਜਾਵਾਂ।

ਕਾਲ਼ਾ ਚੋਰ ਚੁਰਾ ਕੇ ਸੁਪਨੇ, ਜਾ ਵੜਿਆ ਹੈ ਦਿੱਲੀ,
ਮੈਂ ਸੁਪਨੇ ਵਿਚ ਉਸ ਨੂੰ ਢਾਹ ਕੇ, ਚਾਦਰ ਮਸਲ਼ੀ ਜਾਵਾਂ।

ਮੌਜ਼ ਬਹਾਰਾਂ ਮਾਨਣ ਵੇਲ਼ੇ, ਰੱਬ ਵੀ ਯਾਦ ਰਹੇ ਨਾ,
ਵਾਜ਼ਾਂ ਮਾਰ ਬੁਲਾਵਾਂ ਸਭ ਨੂੰ, ਘੇਰਨ ਜਦੋਂ ਬਲਾਵਾਂ।

ਲੱਗੀ ਅੱਗ ਜ਼ਮਾਨੇ ਨੂੰ ਹੀ, ਬਾਗ ਬਚਾਵਾਂ ਇਸ ਤੋਂ,
ਏਸ ਹਵਾ ਤੋਂ ਬਚ ਕੇ ਰਹਿਣਾ, ਮਹਿਕਾਂ ਨੂੰ ਸਮਝਾਵਾਂ।

ਜਿਹੜਾ ਵੇਲ਼ੇ ਸਿਰ ਨਾ ਜਾਗੇ, ਨੀਂਦ ਪਿਆਰੀ ਰੱਖੇ,
ਉਸ ਨੂੰ ਕੌਣ ਜਗਾ ਕੇ ਦੱਸੇ, ਸੁਪਨੇ ਦਾ ਸਿਰਨਾਵਾਂ।

✪

ਕਲਚਰ ਕਾਰਗੁਜ਼ਾਰੀ ਦਾ।
ਜਾਂਦੈ ਰੋਜ਼ ਬੁਹਾਰੀ ਦਾ।

ਚਮਕ ਰਿਹਾ ਏ ਕਲਸਾਂ ’ਤੇ,
ਪੈਸਾ ਚੋਰ-ਬਜ਼ਾਰੀ ਦਾ।

ਸਭ ਕੁੱਝ ਚਲਦੈ ਡੇਰੇ ਵਿਚ,
ਓਹਲਾ ਨਾਮ ਖ਼ੁਮਾਰੀ ਦਾ।

ਮਨ ਦੀ ਮਨ ਵਿਚ ਰਹਿ ਜਾਵੇ,
ਸੌ ਕੁਝ ਮਨ ਵਿਚ ਧਾਰੀਦਾ।

ਸਾਡੇ ਸੁਪਨੇ ਡੱਸ ਗਿਆ,
ਸੁਪਨਾ ਜਗਤ ਵਪਾਰੀ ਦਾ।

ਸਿਰ ਫਿਰਿਆਂ ਦਾ ਸੁਪਨਾ ਹੈ,
ਸੁਪਨਾ ਧਰਤੀ ਸਾਰੀ ਦਾ।

ਪੀੜ ਰਿਹਾ ਹੈ ਸਿਸਟਮ ਜੋ,
ਹੁਣ ਨਹੀਂ ਹੋਰ ਸਹਾਰੀਦਾ।

ਮਕਤਲ ਵਲ ਨੂੰ ਤੁਰ ਪੈਣਾ,
ਕੰਮ ਨਾ ਹਾਰੀਸਾਰੀ ਦਾ।

✪

ਰੂਹ ਰੁਸ਼ਨਾਵੇ ਮੱਕਾ ਤੇ ਨਾ ਅੰਬਰਸਰ।
ਇੱਕ ਟਟਹਿਣਾ ਹੀ ਸਾਡੇ ਲਈ ਬਿਜਲੀਘਰ।

ਡੋਬ ਰਿਹਾ ਏ ਸੋਕਾ ਹੀ ਇਸ ਨਗਰੀ ਨੂੰ,
ਚਾਰ ਚੁਫੇਰੇ ਖੁਸ਼ਕੀ ਰੱਖੇ ਅੱਖਾਂ ਤਰ।

ਕਹਿਰ ਕਰੁੱਤੇ ਮੀਂਹ ਦਾ ਕਦ ਤਕ ਝੱਲਣਗੇ,
ਖੇਤੀਂ ਪੱਕੀਆਂ ਫਸਲਾਂ, ਪਿੰਡ 'ਚ ਕੱਚੇ ਘਰ।

ਬਚ ਜਾਣਾ ਸੀ ਰੱਬ ਦੇ ਮਾਰੇ ਬੰਦੇ ਨੇ,
ਜੇਕਰ ਚਾਰਾਜੋਈ ਕਰਦਾ ਚਾਰਾਗਰ।

ਕੀ ਗਰਮਾਉਣਾ ਉਹਨਾਂ ਨੇ ਇਸ ਮੌਸਮ ਨੂੰ,
ਕੋਹ 'ਤੇ ਹੁੰਦੈ ਠੱਕਾ, ਕੰਬਣ ਜੋ ਥਰ ਥਰ।

ਜ਼ੋਰ ਲਗਾ ਕੇ ਮਨ 'ਚੋਂ ਤੋਰ ਉਦਾਸੀ ਨੂੰ,
ਫਿਰ ਵੀ ਗੇੜੇ ਮਾਰੂ ਮੁੜ ਮੁੜ ਪੇਕੇ ਘਰ।

ਦਰਦ ਵਸਾ ਕੇ ਅੰਦਰ ਸਾਰੀ ਦੁਨੀਆਂ ਦਾ,
ਹੁਣ ਨਾ ਸਾਰੀ ਸ਼ਕਤੀ ਘਰ 'ਤੇ ਫੋਕਸ ਕਰ।

✪

ਖ਼ੂਬ ਖਿੜੇ ਹਨ ਹੋਠ ਕਲੀ ਦੇ, ਪਰ ਹੋਠਾਂ ’ਤੇ ਤਾਲੇ ਹਨ।
ਮਹਿਕ ਬਣੀ ਹੈ ਵੈਰਨ ਇਸ ਦੀ, ਭੌਰ ਬਣੇ ਰਖਵਾਲੇ ਹਨ।

ਇਸ ਰੋਹੀ ਦੇ ਖਾਰੇ ਖੂਹ ਹੀ, ਪਿਆਸ ਬਝਾਉਂਦੇ ਸਾਡੀ ਤਾਂ,
ਹਰਦਮ ਹੋਠ ਸਲੂਣੇ ਰਹਿੰਦੇ, ਭਰ ਭਰ ਡੁਲ੍ਹਦੇ ਛਾਲੇ ਹਨ।

ਠੰਢਾ ਮਿੱਠਾ ਨੀਰ ਇਨ੍ਹਾਂ ਦਾ ਗੌਂਅ ਗਰਜ਼ਾਂ ਨੇ ਡੀਕ ਲਿਆ,
ਮਰਨ ਪਿਆਸੇ ਦਿਲ ਦਰਿਆ ਹੁਣ, ਇਹ ਵੀ ਔੜ ਹਵਾਲੇ ਹਨ।

ਆਪਣੇ ਦਮ ਤੇ ਰੱਖ ਭਰੋਸਾ, ਪਿੱਛੇ ਪੈ ਹੁਣ ਬਦੀਆਂ ਦੇ,
ਖ਼ਬਰੇ ਕਿਸ ਦੀ ਧਿਰ ਬਣਨੇ ਉਹ, ਜਿਹੜੇ ਵਿਚ ਵਿਚਾਲ਼ੇ ਹਨ।

ਹਿੱਕ ਦਾ ਜ਼ੋਰ ਹਨੇਰੇ ਚੀਰੇ, ਹੁਣ ਅੰਨ੍ਹੇ ਵਾਹ ਵਗਿਆ ਚੱਲ,
ਪੁੱਛੀਂ ਨਾ ਇਹ ਗੱਲ ਅਜੇ ਤੂੰ, ਕਿੰਨੀ ਦੂਰ ਉਜਾਲੇ ਹਨ।

✪

ਲੱਖ ਤੈਨੂੰ ਸੀ ਗ਼ਮਾਂ ਨੇ ਘੇਰਿਆ।
ਥਿੜਕਿਆ ਨਾ ਪਰ ਦਿਲਾ ਤੂੰ ਮੇਰਿਆ।

ਕੋਈ ਨਾ ਸੀ ਕੋਲ਼ ਧੂੰਆਂ ਰੋਲ਼ ਸੀ,
ਅੱਖ ਮੇਰੀ ਪਰ ਨਾ ਹੰਝੂ ਕੇਰਿਆ।

ਕਿਸਮਤਾਂ ਨੇ ਦਿਨ ਕਦੇ ਨਾ ਫੇਰਨੇ,
ਕਿਸਮਤਾਂ ਨੇ ਘਰ ਦਾ ਮੂੰਹ ਹੀ ਫੇਰਿਆ।

ਵਾਟ ਲੰਮੀ ਸਾਹ ਸਲਾਮਤ ਰੱਖਣੇ,
ਰਾਹ ’ਚ ਢੇਰੀ ਢਾਅ ਨਾ ਬੈਠੀਂ ਜੇਰਿਆ।

ਏਸ ਗੱਲੋਂ ਯਾਰ ਮੇਰੇ ’ਤੇ ਫ਼ਿਦਾ,
ਮੁਸ਼ਕਲਾਂ ਵਿਚ ਮੂੰਹ ਕਦੇ ਨਾ ਫੇਰਿਆ।

ਝੰਬਿਆ ਹੈ ਨ੍ਹੇਰੀਆਂ ਨੇ ਜਿਸਮ ਹੀ,
ਸਿਦਕ ਸਾਬਤ ਵੇਖ ਲੈ ਤੂੰ ਨ੍ਹੇਰਿਆ।

ਡੋਲਿਆ ਨਾ ਜਰਕਿਆ ਤੂੰ ਉਮਰ ਭਰ,
ਜਾਵਾਂ ਤੈਥੋਂ ਸਦਕੜੇ ਮੈਂ ਜੇਰਿਆ।

✪

ਸੋਚਿਆ ਸੀ ਰਾਤ ਮੁੱਕੀ ਹੋ ਗਏ ਹਾਂ ਸੁਰਖ਼ਰੂ।
ਕੀ ਪਤਾ ਸੀ ਦਿਨ ਚੜ੍ਹੇ ਵੀ ਦਿਨ ਹਨੇਰਾ ਹੀ ਰਹੂ।

ਪਤਝੜਾਂ ਦੇ ਵੈਰ ਪੈਣਾ ਓਸ ਦਾ ਹੈ ਲਾਜ਼ਮੀ,
ਜ਼ਰਦ ਰੁੱਤੇ ਸੁਣ ਲਈ ਜਿਸ ਪੌਦਿਆਂ ਦੀ ਗੁਫਤਗੂ।

ਅੱਜ ਕਿਸ ਨੇ ਛੇੜ ਦਿੱਤੀ ਅੰਬਰਾਂ ਨੂੰ ਕੰਬਣੀ,
ਦਿਲ ਜਲਾ ਕੇ ਕੌਣ ਹੋਇਆ ਮੱਸਿਆ ਦੇ ਰੂਬਰੂ।

ਆਸ ਰੱਖੋ ਨਾ ਭਲੇ ਦੀ ਏਸ ਲਾਣੇ ਤੋਂ ਕਦੇ,
ਦੁੱਧ ਚਿੱਟੇ ਹਾਕਮਾਂ ਦਾ ਖ਼ੂਨ ਚਿੱਟਾ ਹੀ ਰਹੂ।

ਆਪ ਨੇ ਤਾਂ ਸਮਝਣਾ ਹੈ ਕਿ ਸਿਆਹੀ ਲਾਲ ਹੈ,
ਖੌਲ਼ਦਾ ਹੈ ਕਾਗਜ਼ਾਂ ਤੇ ਦਿਲ ਮਿਰੇ ਦਾ ਇਹ ਲਹੂ।

ਏਸ ਰੁੱਤੇ ਜੇ ਖਮੋਸ਼ੀ ਨੂੰ ਲਗਾਇਆ ਮੈਂ ਗਲ਼ੇ,
ਕੀ ਕਹੇਗੀ ਨਸਲ ਅਗਲੀ ਤੇ ਜ਼ਮਾਨਾ ਕੀ ਕਹੂ।

ਇਸ ਤਰ੍ਹਾਂ ਦੇ ਸ਼ੋਹਦਿਆਂ ਨੇ ਮਾਰ ਦੇਣਾ ਸੋਚ ਨੂੰ,
ਬੁੱਤ ਉੱਤੇ ਹਾਰ ਪਾ ਕੇ ਹੋ ਗਏ ਜੋ ਸੁਰਖ਼ਰੂ।

✪

ਯਤਨ ਕਰਾਂ ਮੈਂ ਭਖ਼ਦਾ ਮੁੱਦਾ, ਰੋਟੀ ਦਾਲ਼ ਰਹੇ।
ਪਰ ਏਥੇ ਤਾਂ ਹਰ ਮਸਲੇ ਵਿੱਚ, ਉਲਝੇ ਵਾਲ਼ ਰਹੇ।

ਕਿੰਝ ਬੁਝਾਵੇਗੀ ਇਹ ਧਰਤੀ, ਪਿਆਸ ਮੁਹੱਬਤ ਦੀ,
ਜੇਕਰ ਏਦਾਂ ਹੀ ਨਫ਼ਰਤ ਦੇ, ਵਗਦੇ ਖਾਲ਼ ਰਹੇ।

ਲੁਤਫ਼ ਉਠਾਉਣਾ ਕੀ ਉਹਨਾਂ ਨੇ, ਏਸ ਹਿਯਾਤੀ ਦਾ,
ਜਦ ਲੋਕਾਂ ਦੇ ਜ਼ਿਹਨ ’ਚ ਹਰ ਪਲ, ਘੁੰਮਦਾ ਕਾਲ਼ ਰਹੇ।

ਕਿਸ ਸੇਵਾ ਨੂੰ ਮੇਵਾ ਲੱਗਾ, ਪੁੱਛ ਪੜਤਾਲ਼ ਨਹੀਂ,
ਜਨ ਸੇਵਾ ਦੇ ਨਾਂ ’ਤੇ ਰਹਿਬਰ, ਕੁਨਬੇ ਪਾਲ਼ ਰਹੇ।

ਉਹਨਾਂ ਖਾਤਰ ਭੁੱਕੀ ਦਾ ਹੜ੍ਹ, ਵਗਦੀ ਗੰਗਾ ਹੈ,
ਗਾਲ਼ ਗਾਲ਼ ਕੇ ਜੋਬਨ ਜਿਹੜੇ, ਸਿੱਕੇ ਢਾਲ਼ ਰਹੇ।

ਆਪਣੇ ਹੇਠ ਹਨੇਰਾ ਰੱਖਣਾ, ਜਿਸ ਦਾ ਧਰਮ ਰਿਹਾ,
ਉਸ ਦੀਵੇ ਤੋਂ ਇਹ ਨ੍ਹੇਰੇ ਘਰ, ਚਾਨਣ ਭਾਲ਼ ਰਹੇ।

ਜੂਝੇ ਉਹ ਮੂੰਹਜ਼ੋਰ ਜੁਝਾਰੂ, ਪਰ ਨਾ ਜਾਣ ਸਕੇ,
ਕਿਸ ਦੇ ਅੱਗੇ ਨਾਬਰ ਹੋਏ, ਕਿਸ ਦੇ ਨਾਲ਼ ਰਹੇ।

✪

ਘਰ ਦੀ ਖ਼ਸਤਾ ਹਾਲਤ ਖ਼ਸਤਾ ਕਾਗਜ਼ 'ਤੇ ਖ਼ਤ ਦਸਦਾ ਹੈ।
ਬੇਸ਼ਕ ਖ਼ਤ ਦਾ ਅੱਖਰ-ਅੱਖਰ ਪੁਖਤਾ ਹਾਲਤ ਦਸਦਾ ਹੈ।

ਖ਼ਬਰੇ ਕਿਸ ਦਿਨ ਡੋਬਾ ਦੇਵੇ, ਫਿਕਰ ਪਿਆ ਮੈਨੂੰ ਤਾਂ,
ਟੁਕੜਾ ਟੁਕੜਾ ਹੋਏ ਦਿਲ ਨੂੰ, ਸਰਜਨ ਸਾਬਤ ਦਸਦਾ ਹੈ।

ਨਾ ਕੁੱਲੀ ਨਾ ਗੁੱਲੀ ਜੁੱਲੀ, ਫਿਰ ਵੀ ਹੱਥ ਨਾ ਅੱਡੇ ਉਹ,
ਇੱਕ ਏਹੋ ਅੰਦਾਜ਼ ਓਸ ਦਾ, ਸ਼ਾਨ ਸਲਾਮਤ ਦਸਦਾ ਹੈ।

ਗਲ਼ ਵਿਚ 'ਗੂਠਾ ਦਿੰਦੈ ਜਾਬਰ, ਬੁੱਲ੍ਹਾਂ 'ਤੇ ਵੀ ਰੱਖੇ ਹੱਥ,
ਔਖਾ ਹੋਇਆ ਮੂੰਹ ਖੋਲ੍ਹਾਂ ਜਦ, ਫੇਰ ਹਿਮਾਕਤ ਦਸਦਾ ਹੈ।

ਕਿੰਨਾ ਸ਼ਾਤਰ ਹੈ ਇਹ ਹਾਕਮ, ਲਾਵੇ ਸੰਨ੍ਹ ਖ਼ਜ਼ਾਨੇ ਨੂੰ,
ਦੇ ਕੇ ਉਹ ਵੋਟਰ ਨੂੰ ਰਿਸ਼ਵਤ, ਇਸ ਨੂੰ ਰਾਹਤ ਦਸਦਾ ਹੈ।

ਕੇਵਲ ਮੂੰਹ ਮੱਥਾ ਨਾ ਵੇਖੋ, ਸੁੰਦਰਤਾ ਹੈ ਮਨ ਅੰਦਰ,
ਬਸ਼ਰ ਗੁਣਾਂ ਦੀ ਗੁਥਲੀ ਲਗਦੈ, ਉਸ ਦਾ ਖੁਸ਼ਖ਼ਤ ਦਸਦਾ ਹੈ।

ਖੁਸ਼ ਰਹਿੰਦਾ ਹੈ ਚੁੱਪ ਰਹਾਂ ਜੇ, ਹੱਥ 'ਚ ਰੱਖਾਂ ਕਾਸਾ ਹੀ,
ਜੇਕਰ ਹੱਥ 'ਚ ਦੀਪ ਫੜਾਂ ਮੈਂ, ਤਖ਼ਤ ਬਗਾਵਤ ਦਸਦਾ ਹੈ।

✪

ਲੋਕ ਰਾਜ ਦੇ ਰਾਜਨ ਦੀ ਇਹ ਕਾਰਗੁਜ਼ਾਰੀ ਹੈ।
ਹਰ ਘਪਲ਼ੇ ਵਿਚ ਜਨਸੇਵਕ ਦੀ ਹਿੱਸੇਦਾਰੀ ਹੈ।

ਧਰਮਧਾਮ 'ਤੇ ਓਸ ਪੁਰਸ਼ ਦੀ ਪਹਿਰੇਦਾਰੀ ਹੈ।
ਜਿਸ ਦੇ ਸਿਰ ਵਿਚ ਹਰ ਦਮ ਘੁਕਦੀ ਨੋਟ ਖ਼ੁਮਾਰੀ ਹੈ।

ਹਰ ਦਫ਼ਤਰ ਵਿਚ ਸੁੱਕੀ ਅਰਜ਼ੀ ਫਕਦੀ ਧੂੜਾਂ ਹੀ,
ਪੈਸੇ ਵਾਲਾ ਗਿਟਮਿਟ ਕਰਕੇ ਭੰਨਦਾ ਵਾਰੀ ਹੈ।

ਗਊਆਂ ਦੇ ਵੱਗ ਓਸ ਦੁਆਲ਼ੇ 'ਕੱਠੇ ਹੋ ਜਾਂਦੇ,
ਜਦ ਬੰਸੀ 'ਤੇ ਤਰਜ਼ਾਂ ਕਢਦਾ ਕ੍ਰਿਸ਼ਨ ਮੁਰਾਰੀ ਹੈ।

ਨੋਚੇ ਮਾਸ ਗਰੀਬਾਂ ਦਾ ਇਹ ਸਿਸਟਮ ਸਿੱਖਿਆ ਦਾ,
ਸਰਸਵਤੀ ਦੇ ਹੇਠਾਂ ਅਜਕਲ੍ਹ ਗਿਰਝ ਸਵਾਰੀ ਹੈ।

ਕਿੱਥੇ ਚਹਿਕਣਗੇ ਫਿਰ ਪੰਛੀ, ਛਾਵਾਂ ਕੌਣ ਕਰੂ,
ਜਦ ਜੰਗਲ ਵਿਚ ਦਹਿਸ਼ਤ ਪਾਉਂਦੀ ਫਿਰਦੀ ਆਰੀ ਹੈ।

ਇਕ ਦੂਜੇ ਤੋਂ ਕਲਗੀ ਖੋਂਹਦੇ, ਤਿਗੜਮਬਾਜ਼ੀ ਨਾਲ਼,
ਤੇੜ ਕਿਸੇ ਦੇ ਨਿੱਕਰ ਤੇ ਕੋਈ ਖੱਦਰਧਾਰੀ ਹੈ।

✪

ਸੂਹਾ ਅੱਖਰ ਅੱਖਰ ਹੈ।
ਇਹ ਸਾਡਾ ਗੁਰਮੰਤਰ ਹੈ।

ਮਘਦਾ ਹੈ ਇਹ ਅੰਦਰਲਾ,
ਲੱਖ ਚੁਫੇਰੇ ਕੱਕਰ ਹੈ।

ਵਕਤ ਨਾ ਟਾਲ਼ਾ ਵੱਟਣ ਦਾ,
ਹੁਣ ਤਾਂ ਸਿੱਧੀ ਟੱਕਰ ਹੈ।

ਕਣ ਕਣ ਹੋਈ ਸ਼ਕਤੀ ਨੂੰ,
ਕਰਦਾ ਘੋਲ਼ ਇਕੱਤਰ ਹੈ।

ਭਰੀਏ ਉਸ ਦਾ ਬਕਸਾ ਕਿਉਂ,
ਜੋ ਖੋਹ ਲੈਂਦਾ ਟੁੱਕਰ ਹੈ।

ਮਸਜਿਦ ਮੰਦਰ ਇੱਕ ਖ਼ੁਦਾ,
ਹਰ ਥਾਂ ਇੱਕੋ ਪੱਥਰ ਹੈ।

ਇਸ ਦੇ ਕੰਡੇ ਕੌਣ ਚੁਗੇ,
ਵਿਹੜੇ ਦੇ ਵਿੱਚ ਕਿੱਕਰ ਹੈ।

ਬੀਜੋ ਚੰਦ ਸਿਤਾਰੇ ਹੁਣ,
ਇਹ ਧਰਤੀ ਹੁਣ ਵੱਤਰ ਹੈ।

✪

ਹੁਣ ਨਾ ਅੜਦੀ ਕੋਈ ਅੜਚਣ ਪੈਰਾਂ ਵਿਚ।
ਤੁਰ ਕੇ ਆਈ ਦਿਲ ਦੀ ਧੜਕਣ ਪੈਰਾਂ ਵਿਚ।

ਭੈਅ ਮੁੱਕੇ ਜਦ ਮਨ ਚੋਂ ਡੰਡੇ ਬੇੜੀ ਦਾ,
ਫਿਰ ਇਹ ਝਾਂਜਰ ਬਣ ਕੇ ਛਣਕਣ ਪੈਰਾਂ ਵਿਚ।

ਸਿਦਕ ਨੂੰ ਪੱਲੇ ਬੰਨ੍ਹ ਕੇ ਜਦ ਵੀ ਤੁਰ ਪਈਏ,
ਲੰਮੇ ਲੰਮੇ ਕੋਹ ਨਾ ਅਟਕਣ ਪੈਰਾਂ ਵਿਚ।

ਕੀ ਔਖਾ ਹੈ ਚਿੱਤ ਪਰਚਾਉਣਾ ਕਲੀਆਂ ਦਾ,
ਜਦ ਰਾਹਾਂ ਦੇ ਕੰਡੇ ਪਰਚਣ ਪੈਰਾਂ ਵਿਚ।

ਵਿੱਚ ਬਹਾਰਾਂ ਜਿਹੜੇ ਸਿਰ ’ਤੇ ਝੂਲਦੇ ਸਨ,
ਪਤਝੜ ਵਿਚ ਉਹ ਪੱਤੇ ਤੜਫਣ ਪੈਰਾਂ ਵਿਚ।

ਜਦੋਂ ਕਤਾਰਾਂ ਬੰਨ੍ਹ ਬੰਨ੍ਹ ਛੋਟੇ ਲੋਕ ਤੁਰੇ,
ਵੱਡੇ ਵੱਡੇ ਰਾਠ ਨਾ ਰੜਕਣ ਪੈਰਾਂ ਵਿਚ।

ਜਿਸ ਦੇ ਦਰ ’ਤੇ ਢੇਰੀ ਕਰੀਏ ਬੋਹਲ ਅਸੀਂ,
ਸੁਟਦਾ ਹੈ ਉਹ ਮੁੱਠ ਕੁ ਛਟਕਣ ਪੈਰਾਂ ਵਿਚ।

ਕੌਣ ਉਠਾਏ ਫੜਕੇ ਇਹਨਾਂ ਲੋਕਾਂ ਨੂੰ,
ਚਰਨ ਧੂੜ ਨੂੰ ਬੈਠੇ ਤਰਸਣ ਪੈਰਾਂ ਵਿਚ।

✪

ਰਹਿਬਰੋ ਹੁਣ ਕੀ ਅੜੰਗਾ ਹੋ ਗਿਆ।
ਸ਼ਹਿਰ ਦੇ ਵਿਚ ਫੇਰ ਦੰਗਾ ਹੋ ਗਿਆ।

ਕਿਸ ਤਰ੍ਹਾਂ ਦਾ ਕਹਿਰ ਹੋਇਆ ਸ਼ਹਿਰ ’ਤੇ,
ਰੇਤ ਸਾਡਾ ਰੱਤ ਰੰਗਾ ਹੋ ਗਿਆ।

ਕਾਫ਼ਿਰਾਂ ਨੂੰ ਤੀਰਥਾਂ ਦੀ ਲੋੜ ਨਾ,
ਮੋਮਨਾਂ ਦਾ ਖ਼ੂਨ ‘ਗੰਗਾ’ ਹੋ ਗਿਆ।

ਸ਼ਾਨ ਬਣਦੀ ਹੁਣ ਨਾ ਪੋਚੇ ਫੇਰ ਕੇ,
ਰਹਿਬਰੋ ਕਿਰਦਾਰ ਨੰਗਾ ਹੋ ਗਿਆ।

ਭਾਗ ਲੱਗੇ ਵੇਖ ਭਗਵੀਂ ਸੋਚ ਨੂੰ,
ਸਾਧੂਆਂ ਦਾ ਮੂਡ ਚੰਗਾ ਹੋ ਗਿਆ।

ਵਸਤਰਾਂ ਚੋਂ ਜਿਸਮ ਮਾਰੇ ਝਾਤੀਆਂ,
ਫੈਸ਼ਨਾਂ ਦੀ ਦੌੜ ਕੰਘਾ ਹੋ ਗਿਆ।

ਘਪਲਿ਼ਆਂ ਦੇ ਸਿਰ ਉਠਾਏ ਵੇਖ ਕੇ,
ਗਿੱਠ ਨੀਵਾਂ ਇਹ ਤਿਰੰਗਾ ਹੋ ਗਿਆ।

ਜਦ ਕਿਸੇ ਲਲਕਾਰੀਆਂ ਮੰਦਹਾਲੀਆਂ,
ਦਿਨ ਫਿਰੇ ਤੇ ਹਾਲ ਚੰਗਾ ਹੋ ਗਿਆ।

✪

ਸਾਡਾ ਵਿਹੜਾ ਨੀਂਵਾਂ ਕਰਦਾ ਜਿਸ ਦਾ ਤੋਰਾ ਫੇਰਾ।
ਲਾਹ ਦੇਵਾਂ ਅਫ਼ਰੇਵਾਂ ਉਸ ਦਾ ਜ਼ੋਰ ਚੜ੍ਹੇ ਜੇ ਮੇਰਾ।

ਕੀ ਸੁਣਨੀ ਫ਼ਰਿਆਦ ਜ਼ਲਾਦਾਂ ਆਣ ਖੜ੍ਹੇ ਪਾ ਘੇਰਾ।
ਦੁਸ਼ਮਣ ਹੋਏ ਜਦ ਜਣਦੇ ਹੀ ਕੌਣ ਬਣੇ ਫਿਰ ਮੇਰਾ।

ਜਿਸ ਕਾਲਖ਼ ਦੀ ਕਾਰ ਕਰੀ ਹੈ ਸਾਡੇ ਕਦਮਾਂ ਅੱਗੇ,
ਸਾਨੂੰ ਖੂੰਜੇ ਲਾ ਕੇ ਹੀ ਉਹ ਮੱਲੇ ਚਾਰ ਚੁਫ਼ੇਰਾ।

ਸਾਨੂੰ ਇਕ ਨਾ ਦਰਦੀ ਮਿਲ਼ਿਆ, ਕਾਲ਼ੇ ਚੋਰ ਬਥੇਰੇ,
ਨਾ ਕਿਸਮਤ ਨਾ ਡੰਡਾ ਬਦਲੇ, ਬਦਲੇ ਰੰਗ ਫਰੇਰਾ।

ਕੋਹ ਤੋਂ ਖੜਕਾ ਸੁਣ ਕੇ ਕੰਬਣ ਅਜਕਲ੍ਹ ਜਿਹੜੇ ਚੋਬਰ,
ਆਫ਼ਤ ਅੱਗੇ ਅੜ ਸਕਦੇ ਨੇ ਨਾਲ਼ ਖੜ੍ਹੇ ਜੇ ਜੇਰਾ।

ਏਸ ਰਾਤ ਵਿਚ ਡਰ ਡਰ ਆਪਾਂ ਨ੍ਹੇਰਾ ਢੋਈ ਜਾਈਏ,
ਕਿਰਨ ਦਿਸੇ ਤਾਂ ਰਾਹ ਛੱਡ ਦੇਵੇ, ਹੈ ਡਰਪੋਕ ਹਨੇਰਾ।

✪

ਸਮਝਣਾ ਨਾ ਹੋਕਰਾ ਇਹ ਦਮਗਜਾ ਰਹਿ ਜਾਏਗਾ।
ਭਰਮ ਇਹ ਵੀ ਪਾਲਣਾ ਨਾ ਟਿਕਟਿਕਾ ਰਹਿ ਜਾਏਗਾ।

ਧੂੜ ਉਡਦੀ ਹੀ ਦਿਸੇਗੀ ਹਰ ਗਲ਼ੀ ਹਰ ਮੋੜ ’ਤੇ,
ਵਲਵਲਾ ਜੇ ਬਾਲ ਦਾ ਹੀ ਵਿਲਕਦਾ ਰਹਿ ਜਾਏਗਾ।

ਪੈੜ ਕੱਢਣਗੇ ਕਿਵੇਂ ਨਾ ਹਸਰਤਾਂ ਦੇ ਚੋਰ ਦੀ,
ਇਸ ਤਰੱਕੀ ਦਾ ਜਿਨ੍ਹਾਂ ਨੂੰ ਹੇਰਵਾ ਰਹਿ ਜਾਏਗਾ।

ਦਿਨ ਚੜ੍ਹੇ ਦੇ ਚਾਅ ’ਚ ਸਾਥੋਂ ਦੀਪ ਸਾਂਭੇ ਨਾ ਗਏ,
ਇਹ ਕਬੀਲਾ ਨੂਰ ਨੂੰ ਹੁਣ ਤਰਸਦਾ ਰਹਿ ਜਾਏਗਾ।

ਜੇ ਉਡਾਇਆ ਹਾਕਮਾਂ ਨੇ ਇਉਂ ਗਰੀਬੀ ਦਾ ਮਖੌਲ,
ਲੋਕਤੰਤਰ ਲੋਟੂਆਂ ਦਾ ਚੋਚਲਾ ਰਹਿ ਜਾਏਗਾ।

✪

ਜਿਸ ਤਰ੍ਹਾਂ ਦੇ ਰਸਤਿਆਂ ’ਤੇ ਉਸ ਅਗਾਂਹ ਨੂੰ ਸਰਕਣਾ ਹੈ।
ਰਾਤ ਭਰ ਹੀ ਜਾਗਣਾ ਤੇ ਜੰਗਲਾਂ ਵਿਚ ਭਟਕਣਾ ਹੈ।

ਢੇਰ ਸਾਰਾ ਆਸਰਾ ਹੈ ਇਸ ਤਰ੍ਹਾਂ ਦੇ ਸਾਥ ਦਾ ਵੀ,
ਤਾਰਿਆਂ ਦੀ ਲੋਅ ਕੁ ਜਿੰਨਾ ਜੋ ਸਿਰਾਂ ’ਤੇ ਚਾਨਣਾ ਹੈ।

ਲੋਕ ਕਾਲ਼ੇ ਧੰਦਿਆਂ ਨੂੰ ਹੁਣ ਤਰੱਕੀ ਆਖਦੇ ਨੇ,
ਏਸ ਪਾਸੇ ਝਾਕ ਨਾ ਤੂੰ ਇਹ ਜ਼ਮਾਨਾ ਗਰਕਣਾ ਹੈ।

ਵਾਂਗ ਸ਼ੀਸ਼ੇ ਰਹਿਣਾ ਪਾਰਦਰਸ਼ੀ ਵੀ ਸਦੀਵੀ,
ਕਾਲਖਾਂ ਦੇ ਢੇਰ ਵਿੱਚੋਂ ਘਸਰ ਕੇ ਵੀ ਨਿਕਲਣਾ ਹੈ।

ਜੋ ਗੁਆਚੇ ਸੁਪਨਿਆਂ ਨੂੰ ਘਰ ਗੁਆ ਕੇ ਭਾਲ਼ ਦੇਵੇ,
ਭੀੜ ਵਿਚੋਂ ਇਸ ਤਰ੍ਹਾਂ ਦੇ ਰਹਿਨੁਮਾ ਨੂੰ ਭਾਲਣਾ ਹੈ।

✪

ਨੰਗਾ ਪਿੰਡਾ ਨੋਚਦੇ, ਦੋਵੇਂ ਇੱਕ ਸਮਾਨ।
ਖੱਦਰ ਕੂਲ਼ਾ ਪੱਟ ਨਾ, ਘੱਟ ਨਾ ਭਗਵਾਂ ਥਾਨ।

ਬੇਸ਼ਕ ਸਾਰੇ ਸ਼ਹਿਰ ਦੀ, ਮੁੱਠੀ ਦੇ ਵਿਚ ਜਾਨ।
ਕਿੰਨੇ ਸਾਊ ਲੋਕ ਨੇ, ਫਿਰ ਵੀ ਅਮਨ ਅਮਨ।

ਇਸ ਨਗਰੀ ਵਿਚ ਹੋ ਗਿਆ, ਜਦ ਪੈਸਾ ਪ੍ਰਧਾਨ।
ਕਿੱਥੋਂ ਜੋੜੇ ਭਾਲਦੈਂ, ਦੋ ਰੂਹਾਂ ਇਕ ਜਾਨ।

ਨੰਗੀ ਭੁੱਖੀ ਖ਼ਲਕ ਨੂੰ, ਦੇਣ ਕਿਵੇਂ ਵਰਦਾਨ।
ਧਨਵਾਨਾਂ ਦੇ ਸੰਦ ਨੇ, ਵੇਦ ਗ੍ਰੰਥ ਕੁਰਾਨ।

ਉਹਦੇ ਮੂੰਹ ਵੱਲ ਵੇਖਦੇ, ਰੋਜ਼ ਉਦਾਸੇ ਲੋਕ,
ਜਿਹੜਾ ਲਾਹ ਕੇ ਲੈ ਗਿਆ, ਹੋਠਾਂ ਤੋਂ ਮੁਸਕਾਨ।

ਖਾਲੀ ਭਾਡੇ ਖੜਕਣੋਂ, ਰੁਕਦੇ ਨੀਤੀ ਨਾਲ਼,
ਕੜਕੇ ਘਰ ਵਿਚ ਨਾਰ ਜੇ, ਪਹਿਨੇ ਮਰਦ ਮਿਆਨ।

ਮੱਥੇ ਵਿਚਲੇ ਤੇਜ ਨੂੰ, ਵਰਤ ਸਲੀਕੇ ਨਾਲ਼,
ਮੱਥਾ ਪਰਬਤ ਨਾਲ਼ ਹੈ, ਜਾਣ ਨਾ ਜੰਗ ਅਸਾਨ।

ਰੁੱਤ ਨਾ ਰੋਣੇ ਰੋਣ ਦੀ, ਕੁਝ ਹੱਥ ਪੱਲਾ ਮਾਰ,
ਹੰਝੂ ਧੋਣੇ ਧੋਣ ਨਾ, ਧੋਣੇ ਧੋਣ ਤੁਫ਼ਾਨ।

✪

ਫਿਰ ਅੰਬਰ ਤੋਂ ਇਸ ਜੰਗਲ ਵਿਚ ਰਿਸ਼ਮਾਂ ਝਰਨਗੀਆਂ।
ਜਦ ਬਾਜਾਂ ਦੀ ਜੂਹ ਵਿਚ ਚਿੜੀਆਂ ਜਿੱਤਣ ਹਰਨਗੀਆਂ।

ਕਰਕੇ ਵਾਰ ਕੁਬੇਰਾਂ ’ਤੇ ਹੀ ਹਰ ਵਰਦਾਨ ਮਿਲ਼ੇ,
ਤਰ ਕੁਰਬਾਨੀ ਦਾ ਸ਼ਹੁਸਾਗਰ ਪੁਸ਼ਤਾਂ ਤਰਨਗੀਆਂ।

ਫੁੱਟਪਾਥਾਂ ’ਤੇ ਜਦ ਚਾਨਣ ਦੀ ਬਾਰਸ਼ ਹੋਵੇਗੀ,
ਉਸ ਮੌਸਮ ਵਿਚ ਸ਼ੀਸ਼ ਮਹਿਲ ਦੀਆਂ ਨੀਹਾਂ ਖ਼ਰਨਗੀਆਂ।

ਤਦ ਤਕ ਮਿਹਣੇ ਮਾਰੇਗਾ ਜੱਗ ਮਾੜੇ ਮੌਸਮ ਨੂੰ,
ਪੇਟ ਦੀ ਅੱਗ ’ਚ ਲੂਹ ਕੇ ਜਦ ਤਕ ਦੇਹਾਂ ਠਰਨਗੀਆਂ।

ਗੇੜ ਗੇੜ ਕੇ ਖਾਲੀ ਕਰ ਲਏ ਖੂਹ ਵੀ ਆਪਾਂ ਜਦ,
ਕੁੜੀਆਂ ਖੂਹ ’ਤੋਂ ਘੜਿਆਂ ਦੀ ਥਾਂ ਹਉਕੇ ਭਰਨਗੀਆਂ।

ਹੋੜ ਲਓ ਮਨ ਮਰਦੋ ਮਾੜੇ ਰਸਮ ਰਿਵਾਜਾਂ ਤੋਂ,
ਪੈਰ ਪੈਰ ’ਤੇ ਧੱਕੇ ਧੀਆਂ ਕਦ ਤਕ ਜਰਨਗੀਆਂ।

ਸੁਣ ਕੇ ਬਾਤ ਅਜੋਕੀ ਸੋਚ ਨਿਆਣੀ ਹੁਭਕੇਗੀ,
ਪਰੀਆਂ ਦੀ ਥਾਂ ਬਾਤ ’ਚ ਪੀੜਾਂ ਆਇਆ ਕਰਨਗੀਆਂ।

ਪਾੜੇ ਪਾਉਣਾ ਹੀ ਜਿਨ੍ਹਾਂ ਦਾ ਮੁੱਖ ਏਜੰਡਾ ਹੈ,
ਇਹ ਸਰਕਾਰਾਂ ਕਿੱਥੇ ਸਾਡੇ ਦੁੱਖੜੇ ਹਰਨਗੀਆਂ।

✪

ਇਕਨਾ ਦੇ ਘਰ ਤੁੰਨ ਤੁੰਨ ਕੇ ਭਰਿਆ ਦਾਣਾ ਪਾਣੀ।
ਪਰ ਕਈਆਂ ਨੂੰ ਗਿਣਿਆ ਮਿਣਿਆ ਮਿਲ਼ਿਆ ਦਾਣਾ ਪਾਣੀ।

ਭਾਵੇਂ ਬਾਬਲ ਨੇ ਦਿੱਤਾ ਸੀ ਮਾਲ ਸਵੱਲਾ ਉਸ ਨੂੰ,
ਪਰ ਸਹੁਰੇ ਘਰ ਡਰ ਡਰ ਧੀ ਨੇ ਚੁਗਿਆ ਦਾਣਾ ਪਾਣੀ।

ਓਸ ਅਭਾਗਣ ਨਾਰੀ ਦਿੱਤੀ ਕੁੱਖ ਕਿਰਾਏ ਉੱਤੇ,
ਜਿਸ ਦੇ ਸਾਈਂ ਤੋਂ ਨਾ ਘਰ ਦਾ ਤੁਰਿਆ ਦਾਣਾ ਪਾਣੀ।

ਸਾਡੀ ਭੁੱਖ ਨੇ ਵੀ ਨਾ ਖੁੱਲ੍ਹ ਕੇ ਪਾਈ ਹਾਲ ਦੁਹਾਈ,
ਸਾਡੇ ਹਿੱਸੇ ਦਾ ਰੱਜਿਆਂ ਨੇ ਛਕਿਆ ਦਾਣਾ ਪਾਣੀ।

ਅੰਨ ਕਰੋੜਾਂ ਮਣ ਸੜਦਾ ਅੱਜ ਗੁਦਾਮਾਂ ਅੰਦਰ,
ਅੰਨਦਾਤੀ ਦੀ ਤੌਣ ’ਚ ਫਿਰ ਵੀ ਥੁੜਿਆ ਦਾਣਾ ਪਾਣੀ।

ਸ਼ਰਮ ’ਚ ਗੋਤੇ ਦਿੱਤੇ ਉਸ ਨੂੰ ਦੱਸ ਪਰ੍ਹੇ ਵਿੱਚ ਕਿੱਸਾ,
ਜਿਸ ਪਤਵੰਤੇ ਤੋਂ ਪਤ ਬਦਲੇ ਮਿਲ਼ਿਆ ਦਾਣਾ ਪਾਣੀ।

✪

ਤਪਦੀ ਰੂਹ 'ਤੇ ਲਗਦੇ ਬਣ ਕੇ ਸ਼ਬਨਮ ਨੇ।
ਖ਼ਬਰੇ ਕਿੱਥੋਂ ਹਰਫ਼ ਚੁਣੇ ਹਨ ਲਿਖਤੁਮ ਨੇ।

ਹਰ ਮਹਿਫ਼ਲ ਵਿਚ ਉਸਤਤ ਹੋਵੇ ਉਸ ਦਿਲ ਦੀ,
ਦੁਨੀਆਂ ਭਰ ਦੇ ਗ਼ਮ ਹੀ ਜਿਸ ਦੇ ਹਮਦਮ ਨੇ।

ਰਾਤ ਹਨੇਰੀ ਨੇ ਕੀ ਕਾਰਾ ਕਰ ਦਿੱਤਾ,
ਏਸ ਨਗਰ ਵਿਚ ਸਭ ਦੀਆਂ ਅੱਖਾਂ ਹੀ ਨਮ ਨੇ।

ਫਿਰ ਮੱਸਿਆ ਨੇ ਡੰਡਾ ਡੇਰਾ ਚੁੱਕ ਲੈਣਾ,
ਜਦੋਂ ਵਿਖਾਲ਼ੀ ਦਿੱਤੀ ਚੰਨ ਦੀ ਏਕਮ ਨੇ।

ਉਹਨਾਂ ਅੱਗੇ ਹੀ ਝੁਕਦੀ ਹੈ ਇਹ ਦੁਨੀਆਂ,
ਆਪਣੇ ਮਨ ਦੇ ਬਣ ਜਾਂਦੇ ਜੋ ਹਾਕਮ ਨੇ।

ਮਾਰ ਲਿਆ ਮੋਹ ਮਨ 'ਚੋਂ ਬੀਵੀ ਬੱਚੇ ਦਾ,
ਕੁੱਲ ਦੁਨੀਆਂ ਨੂੰ ਸਮਝ ਲਿਆ ਘਰ ਗੌਤਮ ਨੇ।

ਨਜ਼ਮ 'ਚ ਉਹ ਨਾ ਅਰਥ ਭਰੇ ਸਨ ਸ਼ਾਇਰ ਨੇ,
ਇਸ 'ਚੋਂ ਜਿਹੜੇ ਅਰਥ ਉਘੇੜੇ ਪੜ੍ਹਤੁਮ ਨੇ।

✪

ਟੇਢੇ ਮੇਢੇ ਰਾਹ ਜੀਵਨ ਦੇ, ਥਾਂ ਥਾਂ 'ਤੇ ਘਟਨਾਵਾਂ।
ਨੰਗੇ ਪੈਰ ਦੁਪਹਿਰਾ ਸਿਰ 'ਤੇ, ਫਿਰ ਵੀ ਤੁਰਿਆ ਜਾਵਾਂ।

ਉਹ ਨ੍ਹੇਰੇ ਦੀ ਅੱਖ 'ਚ ਰੜਕੇ, ਝਈਆਂ ਲੈ ਲੈ ਪੌਣ ਪਵੇ,
ਬਾਲ਼ ਬਾਲ਼ ਕੇ ਖ਼ੂਨ ਜਿਗਰ ਦਾ, ਮੈਂ ਜੋ ਦੀਪ ਜਗਾਵਾਂ।

ਬਰਫ਼ 'ਚ ਲੱਗੀ ਹੋਈ ਨਗਰੀ, ਡਰ ਡਰ ਥਰ ਥਰ ਕੰਬੇ,
ਹਰਫ਼ਾਂ ਵਿੱਚ ਹਰਾਰਤ ਭਰ ਕੇ, ਇਸ ਦਾ ਸੀਤ ਮੁਕਾਵਾਂ।

ਪੈਰਾਂ ਥੱਲੇ ਸੇਕ ਸਿਵੇ ਦਾ, ਛਵੀਆਂ ਦੀ ਛਾਂ ਸਿਰ 'ਤੇ,
ਮਸਤ ਜਾਏਗਾ ਫਿਰ ਇਹ ਮੌਸਮ, ਜੇ ਪੱਥਰ ਹੋ ਜਾਵਾਂ।

ਟੱਪਰੀਵਾਸ ਗਧੇਲੇ ਵੀ ਹਨ, ਏਸ ਮੁਲਕ ਦੇ ਵਾਸੀ,
ਗਧਿਆਂ ਉਤੇ ਲੱਦੀ ਫਿਰਦੇ, ਜੋ ਪੱਕਾ ਸਿਰਨਾਵਾਂ।

ਇਸ ਰਿਸ਼ਤੇ ਨੂੰ ਮੰਨ ਜਾ ਧੀਏ, ਰਾਜ ਕਰੇਂਗੀ ਉੱਥੇ,
ਕੀ ਹੋਇਆ ਜੇ ਮੁੰਡਾ ਸਿਧਰਾ, ਪੈਲ਼ੀ ਸੱਠ ਘੁਮਾਵਾਂ।

ਡਿਪਲੋਮੇਸੀ ਨਾਲ਼ ਹੀ ਅਜਕਲ੍ਹ, ਦੁਨੀਆਂਦਾਰੀ ਚਲਦੀ,
ਬੇਸ਼ਕ ਭੋਰਾ ਦਿਲ ਨਾ ਮੰਨੇ, ਫਿਰ ਵੀ ਆਵਾਂ ਜਾਵਾਂ।

ਪੌਣਾਂ ਵਿੱਚੋਂ ਠੰਢਕ ਮਹਿਕਾਂ, ਕਿਹੜਾ ਡੀਕ ਗਿਆ ਹੈ,
ਕਦ ਤੋਂ ਏਥੇ ਨੰਗੇ ਪਿੰਡੇ, ਲੂਹੀ ਜਾਣ ਹਵਾਵਾਂ।